ਪ੍ਰਕਾਸ਼ਨ ਨੰ: 42

ਸੰਖੇਪ ਇਤਿਹਾਸ

# ਦਸ ਗੁਰੂ ਸਾਹਿਬਾਨ



ਪ੍ਰਕਾਸ਼ਕ :
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

15 ਰੁਪਏ

ਪ੍ਰਕਾਸ਼ਨ ਨੰ:
42

## ਸੰਖੇਪ ਇਤਿਹਾਸ

# ਸ ਗੁਰੂ ਸਾਹਿਬਾਨ

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

## ਤਤਕਰਾ


1. ਸ੍ਰੀ ਗੁਰੂ ਨਾਨਕ ਦੇਵ ਜੀ .......... 3
2. ਸੱਚਾ ਜਨੇਊ .......... 7
3. ਸੱਚੀ ਭਗਤੀ .......... 9
4. ਸੱਚੀ ਆਰਤੀ .......... 10
5. ਹੱਕ ਦੀ ਕਮਾਈ .......... 12
6. ਭਾਈ ਸੱਜਣ ਜੀ .......... 14
7. ਹਰਿਦੁਆਰ .......... 16
8. ਵੈਸ਼ਨੋ ਸਾਧ ਨੂੰ ਉਪਦੇਸ਼ .......... 18
9. ਕਲਿਯੁਗ ਪੰਡੇ ਨੂੰ ਉਪਦੇਸ਼ .......... 19
10. ਸ੍ਰੀ ਗੁਰੂ ਅੰਗਦ ਦੇਵ ਜੀ .......... 21
11. ਸ੍ਰੀ ਗੁਰੂ ਅਮਰਦਾਸ ਜੀ .......... 24
12. ਸ੍ਰੀ ਗੁਰੂ ਰਾਮਦਾਸ ਜੀ .......... 27
13. ਸ੍ਰੀ ਗੁਰੂ ਅਰਜਨ ਦੇਵ ਜੀ .......... 30
14. ਭਾਈ ਮੰਝ ਜੀ .......... 33
15. ਭਾਈ ਕਲਿਆਣਾ ਜੀ .......... 34
16. ਸੀਤਲਾ .......... 36
17. ਸ੍ਰੀ ਗੁਰੂ ਹਰਿਗੋਬਿੰਦ ਜੀ .......... 38
18. ਸੱਚਾ ਪਾਤਸ਼ਾਹ .......... 41
19. ਭਾਈ ਤਿਲਕਾ ਜੀ .......... 44
20. ਸ੍ਰੀ ਗੁਰੂ ਹਰਿਰਾਏ ਜੀ .......... 46
21. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ .......... 49
22. ਸ੍ਰੀ ਗੁਰੂ ਤੇਗ ਬਹਾਦਰ ਜੀ .......... 52
23. ਸ੍ਰੀ ਗੁਰੂ ਗੋਬਿੰਦ ਸਿੰਘ ਜੀ .......... 56
24. ਵਿਸਾਖੀ .......... 61
25. ਭਾਈ ਬਚਿੱਤਰ ਸਿੰਘ ਜੀ .......... 62
26. ਭਾਈ ਡੱਲਾ ਸਿੰਘ ਜੀ .......... 63
27. ਸ਼ਨੀ ਦੇਵਤੇ ਦਾ ਖੰਡਨ .......... 66
28. ਖੋਤੇ ਉਤੇ ਸ਼ੇਰ ਦੀ ਖੱਲ .......... 67
29. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ .......... 69

# 1. ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਪਿੰਡ ਰਾਇ ਭੋਇ ਦੀ ਤਲਵੰਡੀ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ 15 ਅਪ੍ਰੈਲ, ਸੰਨ 1469 ਨੂੰ ਹੋਇਆ, ਜਿਸ ਨੂੰ ਅੱਜ ਕੱਲ੍ਹ ਨਨਕਾਣਾ ਸਾਹਿਬ ਆਖਦੇ ਹਨ। ਆਪ ਦੇ ਪਿਤਾ ਦਾ ਨਾਮ 'ਮਹਿਤਾ ਕਲਿਆਣ ਦਾਸ' (ਮਹਿਤਾ ਕਾਲੂ) ਤੇ ਮਾਤਾ ਦਾ ਨਾਮ 'ਤ੍ਰਿਪਤਾ ਜੀ' ਸੀ। ਆਪ ਜੀ ਦੀ ਵੱਡੀ ਭੈਣ 'ਬੇਬੇ ਨਾਨਕੀ ਜੀ' ਸੀ ਜੋ ਆਪ ਜੀ ਤੋਂ ਪੰਜ ਸਾਲ ਵੱਡੀ ਸੀ।

ਬਾਲ ਉਮਰ ਵਿਚ ਜਦੋਂ ਆਪ ਜੀ ਨੂੰ ਪੜ੍ਹਨੇ ਪਾਇਆ ਗਿਆ ਤਾਂ ਆਪ ਦੀ ਤੀਖਣ ਬੁੱਧੀ ਵੇਖ ਕੇ ਉਸਤਾਦ ਹੈਰਾਨ ਹੋ ਗਏ। ਦਸ ਸਾਲ ਦੀ ਉਮਰ ਵਿਚ ਜਦੋਂ ਆਪ ਜੀ ਨੂੰ ਜਨੇਊ ਪਾਉਣ ਲੱਗੇ ਤਾਂ ਆਪ ਨੇ ਝੂਠੇ ਜਨੇਊ ਦਾ ਖੰਡਨ ਕਰ ਕੇ ਜਨੇਊ ਪੁਆਉਣ ਤੋਂ ਨਾਂਹ ਕਰ ਦਿੱਤੀ। 12 ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਮੱਝੀਆਂ ਦੇ ਵਾਗੀ ਬਣੇ। 18 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਬਟਾਲੇ ਦੇ ਰਹਿਣ ਵਾਲੇ ਸ੍ਰੀ ਮੂਲ ਚੰਦ ਜੀ ਦੀ ਲੜਕੀ 'ਸੁਲੱਖਣੀ ਜੀ' ਨਾਲ ਹੋਇਆ ਜਿਨ੍ਹਾਂ ਦੇ ਉਦਰ ਤੋਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ ਪੈਦਾ ਹੋਏ।

ਸੰਨ 1504 ਵਿਚ ਆਪ ਜੀ ਆਪਣੇ ਜੀਜੇ 'ਭਾਈ ਜੈ ਰਾਮ' ਜੀ ਪਾਸ ਸੁਲਤਾਨਪੁਰ ਚਲੇ ਗਏ ਤੇ ਨਵਾਬ ਦੌਲਤ ਖਾਂ ਦੇ ਮੋਦੀ ਬਣੇ। ਇਥੇ ਹੀ ਮੈਲਸੀਹਾਂ ਦਾ 'ਭਾਈ ਭਗੀਰਥ' ਆਪ ਦਾ ਸਿੱਖ ਬਣਿਆ ਤੇ ਉਸ ਰਾਹੀਂ ਲਾਹੌਰ ਦਾ 'ਭਾਈ ਮਨਸੁਖ' ਸਿੱਖ ਹੋਇਆ।

ਸੁਲਤਾਨਪੁਰ ਰਹਿੰਦਿਆਂ ਇਕ ਦਿਨ ਆਪ ਵੇਈਂ ਨਦੀ ਵਿਚ ਅਲੋਪ ਹੋ ਗਏ। ਤੀਜੇ ਦਿਨ ਪ੍ਰਗਟ ਹੋ ਕੇ ਨਾਹਰਾ ਲਾਇਆ : **ਨਾ ਕੋਈ ਹਿੰਦੂ ਨਾ ਮੁਸਲਮਾਨ**। ਸ਼ਾਹੀ ਮਸਜਿਦ ਵਿਚ ਜਾ ਕੇ ਸੱਚੀ ਭਗਤੀ ਦਾ ਉਪਦੇਸ਼ ਦਿੱਤਾ। ਕਾਜ਼ੀ ਤੇ ਨਵਾਬ ਨੂੰ ਸਮਝਾ ਦਿੱਤਾ ਕਿ ਜੇ ਮਨ ਭਗਤੀ ਵਿਚ ਨਹੀਂ ਜੁੜਿਆ ਤਾਂ ਮੂੰਹ ਨਾਲ ਨਮਾਜ਼ ਪੜ੍ਹਨ ਦਾ ਕੋਈ ਲਾਭ ਨਹੀਂ।

ਸਤੰਬਰ 1507 ਵਿਚ ਪਰਿਵਾਰ ਨੂੰ ਆਪਣੇ ਸਹੁਰੇ 'ਬਾਬਾ ਮੂਲ ਚੰਦ' ਨੂੰ ਸੌਂਪ ਦਿੱਤਾ। ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸੰਸਾਰ ਨੂੰ ਤਾਰਨ ਲਈ ਤੁਰ

ਪਏ। ਆਪ ਜੀ ਦੀਆਂ ਧਰਮ ਪ੍ਰਚਾਰ ਲਈ ਕੀਤੀਆਂ ਯਾਤਰਾਵਾਂ ਨੂੰ 'ਉਦਾਸੀਆਂ' ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਵਿਚ ਆਪ ਜੀ ਨੇ ਲੋਕਾਂ ਨੂੰ ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ, ਗਲਤ ਰੀਤਾਂ-ਰਸਮਾਂ ਤੋਂ ਹਟਾ ਕੇ ਇਕ ਪ੍ਰਭੂ ਦੀ ਭਗਤੀ ਕਰਨ ਵੱਲ ਲਾਇਆ ਅਤੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਉਦਾਸੀਆਂ ਸਮੇਂ ਹੋਈਆਂ ਕੁਝ ਘਟਨਾਵਾਂ ਇਸ ਪ੍ਰਕਾਰ ਹਨ :

**ਐਮਨਾਬਾਦ** ਵਿਚ ਗਰੀਬ ਕਿਰਤੀ ਭਾਈ ਲਾਲੋ ਜੀ ਨੂੰ ਆਪਣਾ ਸਿੱਖ ਬਣਾਇਆ ਅਤੇ ਮਲਕ ਭਾਗੋ ਨੂੰ ਹੇਰਾ-ਫੇਰੀ ਅਤੇ ਪਾਪ-ਕਰਮਾਂ ਨਾਲ ਕਮਾਈ ਕਰਨ ਤੋਂ ਹਟਾ ਕੇ ਹੱਕ ਦੀ ਕਮਾਈ ਕਰਨ ਵੱਲ ਲਾਇਆ। ਉਹ ਵੀ ਸਿੱਖ ਬਣਿਆ।

**ਹਰਿਦੁਆਰ** ਵਿਚ ਲੋਕਾਂ ਨੂੰ ਸੂਰਜ ਨੂੰ ਪਾਣੀ ਦੇਣ ਤੋਂ ਵਰਜਿਆ ਅਤੇ ਜਾਤ-ਪਾਤ ਦਾ ਵਿਚਾਰ ਤਿਆਗਣ ਦਾ ਉਪਦੇਸ਼ ਦਿੱਤਾ। ਵੈਸ਼ਨਵ ਪਾਂਡੇ ਨੂੰ ਸਮਝਾਇਆ ਕਿ ਪ੍ਰਭੂ ਦੇ ਪੈਦਾ ਕੀਤੇ ਮਨੁੱਖ ਨੀਚ ਨਹੀਂ ਹਨ, ਸਗੋਂ ਨੀਚ ਤਾਂ ਮਨੁੱਖ ਦੇ ਆਪਣੇ ਭੈੜੇ ਵਿਚਾਰ ਤੇ ਕੰਮ ਹਨ।

**ਗੋਰਖ ਮਤੇ** ਵਿਚ ਯੋਗੀਆਂ ਨੂੰ ਭੇਖ ਧਾਰਨ ਕਰਨ, ਸਮਾਧੀਆਂ ਲਾਉਣ, ਸਰੀਰ ਨੂੰ ਕਸ਼ਟ ਦੇਣ ਵਾਲੇ ਤਪ ਸਾਧਣ ਆਦਿ ਤੋਂ ਹਟਾ ਕੇ ਪ੍ਰਭੂ ਦੀ ਸਿਫਤ-ਸਲਾਹ ਕਰਨ, ਵਿਕਾਰਾਂ ਤੋਂ ਬਚਣ ਅਤੇ ਚੰਗੇ ਕੰਮ ਕਰਨ ਵੱਲ ਲਾਇਆ। ਗੁਰੂ ਜੀ ਦੇ ਪ੍ਰਚਾਰ ਸਦਕਾ 'ਗੋਰਖ ਮਤਾ' ਬਦਲ ਕੇ **'ਨਾਨਕ ਮਤਾ'** ਬਣ ਗਿਆ।

**ਅਲਾਹਾਬਾਦ**, ਜਿਸਨੂੰ ਪ੍ਰਯਾਗ ਵੀ ਕਹਿੰਦੇ ਹਨ, ਵਿਖੇ ਲੋਕਾਂ ਨੂੰ ਸਮਝਾਇਆ ਕਿ ਮਨ ਤੋਂ ਵਿਕਾਰਾਂ ਦੀ ਮੈਲ ਤੀਰਥ-ਇਸ਼ਨਾਨ ਅਤੇ ਦਾਨ-ਪੁੰਨ ਕਰਨ ਨਾਲ ਨਹੀਂ ਉਤਰਦੀ। ਗੁਰੂ ਦੀ ਸਿਖਿਆ ਰੂਪੀ ਨਦੀ ਵਿਚ ਇਸ਼ਨਾਨ ਕਰਨ ਨਾਲ ਹੀ ਮਨ ਪਵਿੱਤਰ ਹੁੰਦਾ ਹੈ ਤੇ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ। ਗੁਰੂ ਹੀ ਸੱਚਾ ਤੀਰਥ ਹੈ।

**ਬਨਾਰਸ** ਵਿਖੇ ਉਪਦੇਸ਼ ਦਿੱਤਾ ਕਿ ਕਿਸੇ ਖ਼ਾਸ ਥਾਂ ਤੇ ਜਾ ਕੇ ਰਹਿਣ ਨਾਲ ਮੁਕਤੀ ਨਹੀਂ ਮਿਲਦੀ, ਸਗੋਂ ਮੁਕਤੀ ਤਾਂ ਚੰਗੇ ਕਰਮ ਨਾਲ ਮਿਲਦੀ ਹੈ। ਇਥੇ ਲੋਕ ਮੁਕਤੀ ਦੀ ਖਾਤਰ, ਪੰਡਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਇਕ ਆਰੇ ਨਾਲ ਸਰੀਰ ਕਟਵਾ ਲੈਂਦੇ ਸਨ। ਗੁਰੂ ਜੀ ਨੇ ਇਸ ਭੈੜੇ ਕਰਮ ਤੋਂ ਲੋਕਾਂ ਨੂੰ ਵਰਜਿਆ।

ਇਥੇ ਪੰਡਤ ਚਤੁਰ ਦਾਸ ਨੂੰ ਸਮਝਾਇਆ ਕਿ ਧਾਰਮਿਕ-ਚਿੰਨ੍ਹ (ਤਿਲਕ, ਤੁਲਸੀ ਮਾਲਾ, ਸਾਲਿਗ੍ਰਾਮ ਆਦਿ) ਤੇ ਧਾਰਮਿਕ ਪਹਿਰਾਵਾ ਕੇਵਲ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹੈ, ਪਰ ਅਸਲੀ ਬ੍ਰਾਹਮਣ (ਬ੍ਰਹਮ ਨੂੰ ਜਾਣਨ ਵਾਲਾ)

ਤਾਂ ਉਹ ਹੈ ਜਿਹੜਾ ਪ੍ਰਭੂ ਦੀ ਸਿਫ਼ਤ-ਸਲਾਹ ਕਰਦਾ ਹੈ।

**ਗਇਆ** ਵਿਖੇ ਲੋਕਾਂ ਨੂੰ ਪਿੱਤਰਾਂ (ਮਰ ਚੁੱਕੇ ਵੱਡੇ ਵਡੇਰਿਆਂ) ਦੀ ਮੁਕਤੀ ਲਈ ਪਿੰਡ ਭਰਾਉਣ (ਜਵਾਂ ਤੇ ਆਟੇ ਦੇ ਪੇੜੇ ਦਾਨ ਕਰਨ) ਤੋਂ ਵਰਜਿਆ।

**ਜਗਨਨਾਥ ਪੁਰੀ** ਵਿਚ ਪ੍ਰਭੂ ਦੀ ਸੱਚੀ ਆਰਤੀ ਕਰਨ ਦਾ ਤਰੀਕਾ ਦੱਸਿਆ।

**ਮਥਰਾ** ਵਿਖੇ ਇਹ ਸਮਝਾਇਆ ਕਿ "ਕਲਿਯੁਗ" ਨਾਮ ਦੀ ਕੋਈ ਚੀਜ਼ ਨਹੀਂ, ਜਿਹੜੇ ਲੋਕ ਭੈੜੇ ਕੰਮ ਤਾਂ ਆਪ ਕਰਦੇ ਹਨ ਤੇ ਇਸ ਨੂੰ ਕਲਿਯੁਗ ਦਾ ਪ੍ਰਭਾਵ ਦੱਸਦੇ ਹਨ, ਉਹ ਲੋਕਾਂ ਨੂੰ ਮੂਰਖ ਬਣਾਉਂਦੇ ਹਨ।

**ਦਿੱਲੀ** ਵਿਖੇ ਮਜਨੂੰ ਭਗਤ ਅਤੇ ਪਾਨੀਪਤ ਵਿਖੇ ਸ਼ੇਖ ਤਾਹਰ ਨੂੰ ਪ੍ਰਭੂ ਦਾ ਸੱਚਾ ਗਿਆਨ ਬਖਸ਼ਿਆ। ਕੁਰਖੇਤਰ (ਕੁਰੂਕਸ਼ੇਤਰ) ਵਿਖੇ ਲੋਕਾਂ ਨੂੰ ਸੂਰਜ-ਗ੍ਰਹਿਣ ਦੀ ਅਸਲੀਅਤ ਦੱਸੀ।

ਇਕ ਵਾਰ ਆਪ **ਸੁਮੇਰ ਪਰਬਤ** ਤੇ ਗਏ ਅਤੇ ਸਿੱਧਾਂ-ਯੋਗੀਆਂ ਨੂੰ ਸਮਝਾਇਆ ਕਿ ਘਰ-ਬਾਰ ਛੱਡ ਕੇ, ਪਹਾੜਾਂ ਤੇ ਰਹਿਣਾ, ਇਹ ਕੋਈ ਧਰਮ ਦਾ ਰਸਤਾ ਨਹੀਂ। ਆਪਣੇ ਪਰਿਵਾਰ ਵਿਚ ਰਹਿੰਦਿਆਂ ਹੋਇਆਂ, ਆਪਣੇ ਫਰਜ਼ ਪੂਰੇ ਕਰਦਿਆਂ ਹੋਇਆਂ, ਮਨ ਨੂੰ ਪ੍ਰਭੂ ਦੀ ਯਾਦ ਵਿਚ ਜੋੜੀ ਰੱਖਣਾ ਹੈ; ਵਿਕਾਰਾਂ ਤੋਂ ਬਚਣਾ ਹੈ ਤੇ ਸਮਾਜ-ਸੇਵਾ ਕਰਨੀ ਹੈ। ਇਹ ਹੀ ਅਸਲੀ ਧਰਮ ਹੈ।

**ਕਸ਼ਮੀਰ** ਦੇ ਇਲਾਕੇ **ਮਟਨ** ਵਿਚ ਪੰਡਤ ਬ੍ਰਹਮ ਦੱਤ ਨੂੰ ਵਿਦਿਆ ਦਾ ਹੰਕਾਰ ਤਿਆਗਣ ਨੂੰ ਕਿਹਾ ਤੇ ਸਮਝਾਇਆ ਕਿ ਕੇਵਲ ਧਾਰਮਿਕ ਗ੍ਰੰਥ ਪੜ੍ਹਨ ਤੇ ਲੋਕਾਂ ਨਾਲ ਬਹਿਸਾਂ ਕਰਨ ਨਾਲ ਪ੍ਰਭੂ ਖ਼ੁਸ਼ ਨਹੀਂ ਹੁੰਦਾ। ਪ੍ਰਭੂ ਤਾਂ ਪ੍ਰੇਮਾ-ਭਗਤੀ ਤੇ ਹੀ ਰੀਝਦਾ ਹੈ।

**ਅਮਰਨਾਥ** ਦੇ ਮੰਦਰ ਵਿਚ ਜਾ ਕੇ ਲੋਕਾਂ ਨੂੰ ਸ਼ਿਵ-ਲਿੰਗ ਦੀ ਪੂਜਾ ਤੋਂ ਹਟਾਇਆ ਅਤੇ **ਵੈਸ਼ਨੋ ਦੇਵੀ** ਦੇ ਮੰਦਰ ਤੇ ਜਾ ਕੇ ਲੋਕਾਂ ਨੂੰ ਸਮਝਾਇਆ ਕਿ ਅਖੌਤੀ ਦੇਵੀ-ਦੇਵਤੇ ਕੋਈ ਦਾਤਾਂ ਨਹੀਂ ਦੇ ਸਕਦੇ। ਪ੍ਰਭੂ ਹੀ ਸਭ ਨੂੰ ਦਾਤਾਂ ਦਿੰਦਾ ਹੈ।

ਆਖਰੀ ਉਦਾਸੀ ਸਮੇਂ ਆਪ ਨੇ **ਪਾਕਪਟਨ** ਤੋਂ ਬਾਬਾ ਫਰੀਦ ਜੀ ਦੀ ਬਾਣੀ, ਉਨ੍ਹਾਂ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ **ਤੁਲੰਭੇ** ਵੱਲ ਗਏ। 'ਸੱਜਣ' ਨਾਮ ਦੇ ਮਨੁੱਖ ਨੂੰ ਧਾਰਮਿਕ ਭੇਖ ਬਣਾ ਕੇ ਲੋਕਾਂ ਨੂੰ ਲੁੱਟਣ ਤੋਂ ਹਟਾਇਆ ਅਤੇ ਧਰਮ-ਪ੍ਰਚਾਰ ਦੇ ਕੰਮ ਲਾ ਦਿੱਤਾ। **ਮੱਕੇ** ਵਿਚ ਪਹੁੰਚ

ਕੇ ਸਮਝਾਇਆ ਕਿ ਪਰਮਾਤਮਾ ਸਰਬ-ਵਿਆਪਕ ਹੈ; ਉਹ ਕਿਸੇ ਧਰਮ-ਅਸਥਾਨ ਤਕ ਸੀਮਤ ਨਹੀਂ। **ਬਗਦਾਦ** ਵਿਚ ਲੋਕਾਂ ਨੂੰ ਸਮਝਾਇਆ ਕਿ ਰਾਗ (ਸੰਗੀਤ) ਹਰਾਮ ਨਹੀਂ; ਸਗੋਂ ਪ੍ਰਭੂ ਦੀ ਉਸਤਤ ਲਈ ਰਾਗ (ਕੀਰਤਨ) ਇਕ ਉੱਤਮ ਸਾਧਨ ਹੈ। **ਹਸਨ ਅਬਦਾਲ** ਵਿਖੇ ਆਪ ਨੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ।

**ਐਮਨਾਬਾਦ** ਪੁੱਜੇ ਤਾਂ ਬਾਬਰ ਨੇ ਫ਼ੌਜਾਂ ਨਾਲ ਹਮਲਾ ਕਰ ਦਿੱਤਾ, ਲੋਕਾਂ ਨੂੰ ਕਤਲ ਕੀਤਾ, ਲੁੱਟ ਮਚਾਈ। ਆਪ ਨੇ ਬਾਬਰ ਨੂੰ ਜਾਬਰ ਆਖਿਆ, ਉਸ ਦੀ ਕੈਦ ਵੀ ਕੱਟੀ। ਅੰਤ ਬਾਬਰ ਨੂੰ ਸਮਝ ਆ ਗਈ ਤੇ ਉਸ ਨੇ ਸਤਿਗੁਰਾਂ ਤੋਂ ਭੁੱਲ ਬਖਸ਼ਾਈ ਅਤੇ ਕਤਲਿਆਮ ਬੰਦ ਕਰ ਦਿੱਤੀ। ਇਸ ਹਮਲੇ ਬਾਰੇ ਸਤਿਗੁਰਾਂ ਨੇ ਚਾਰ ਸ਼ਬਦ ਉਚਾਰੇ ਹਨ।

ਗੁਰੂ ਜੀ ਨੇ ਪਹਿਲੀ ਉਦਾਸੀ ਦੇ ਅਖੀਰ ਤੇ ਰਾਵੀ ਦਰਿਆ ਦੇ ਕਿਨਾਰੇ **ਕਰਤਾਰਪੁਰ** ਨਾਮ ਦਾ ਨਗਰ ਵਸਾਇਆ ਸੀ। ਉਦਾਸੀਆਂ ਦੇ ਮਗਰੋਂ ਆਪ ਇਥੇ ਆ ਕੇ ਵੱਸ ਗਏ ਤੇ ਜੀਵਨ ਦੇ ਆਖਰੀ ਅਠਾਰ੍ਹਾਂ ਸਾਲ ਇਥੇ ਹੀ ਗੁਜ਼ਾਰੇ। ਨਗਰ ਦੀ ਧਰਮਸ਼ਾਲਾ (ਗੁਰਦੁਆਰੇ) ਵਿਚ ਸਵੇਰੇ-ਸ਼ਾਮ ਸੰਗਤਾਂ ਨੂੰ ਉਪਦੇਸ਼ ਦਿੰਦੇ, ਕੀਰਤਨ ਕਰਦੇ ਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਦੱਸਦੇ। ਦਿਨ ਵੇਲੇ ਖੇਤਾਂ ਵਿਚ ਜਾ ਕੇ ਕਿਰਤ-ਕਾਰ ਕਰਦੇ। ਇਥੋਂ ਹੀ ਆਪ ਪੰਜਾਬ (ਅੱਜ ਦਾ ਪੰਜਾਬ, ਹਰਿਆਣਾ, ਹਿਮਾਚਲ ਤੇ ਪਾਕਿਸਤਾਨ ਵਿਚਲਾ ਪੰਜਾਬ) ਭਰ ਵਿਚ ਧਰਮ-ਪ੍ਰਚਾਰ ਲਈ ਜਾਂਦੇ ਰਹਿੰਦੇ। ਇਨ੍ਹਾਂ ਪ੍ਰਚਾਰਕ ਫੇਰੀਆਂ ਵਿਚ ਹੀ ਆਪ ਨੇ **ਬਟਾਲੇ** ਦੇ ਕੋਲ **'ਅਚੱਲ'** **ਵਿਖੇ ਯੋਗੀਆਂ ਨਾਲ ਚਰਚਾ ਕੀਤੀ ਸੀ ਅਤੇ ਪਿੰਡ ਰਮਦਾਸ ਵਿਖੇ ਬਾਲਕ** ਬੂੜਾ ਜੀ ਨਾਲ ਮੇਲ ਹੋਇਆ ਸੀ, ਜੋ ਮਗਰੋਂ ਬਾਬਾ ਬੁੱਢਾ ਜੀ ਕਰਕੇ ਪ੍ਰਸਿੱਧ ਹੋਏ। ਇਥੇ (ਕਰਤਾਰਪੁਰ) ਹੀ ਗੁਰੂ ਜੀ ਨੇ ਆਸਾ ਕੀ ਵਾਰ, ਜਪੁ ਜੀ, ਓਅੰਕਾਰ, ਤੁਖਾਰੀ ਰਾਗ ਦਾ ਬਾਰਹ ਮਾਹਾ ਅਤੇ ਸਿਧ ਗੋਸਟਿ ਆਦਿਕ ਬਾਣੀਆਂ ਦੀ ਰਚਨਾ ਕੀਤੀ।

ਕਰਤਾਰਪੁਰ ਵਿਖੇ ਹੀ ਭਾਈ ਲਹਿਣਾ ਜੀ ਸ਼ਰਨ ਵਿਚ ਆਏ। ਉਨ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਤੇ ਕਰਮ-ਕਾਂਡੀ ਜੀਵਨ ਤਿਆਗ ਕੇ ਸਿੱਖੀ ਅਪਣਾਈ। ਗੁਰੂ ਦਾ ਹੁਕਮ ਮੰਨਣ ਦੀਆਂ ਪ੍ਰੀਖਿਆਵਾਂ ਵਿਚ ਪਾਸ ਹੋਏ ਤੇ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ **'ਅੰਗਦ'** ਨਾਮ ਦੇ ਕੇ ਗੁਰੂ ਅੰਗਦ ਸਾਹਿਬ ਬਣਾ ਦਿੱਤਾ। ਇਥੇ ਹੀ ਆਪ ਸਤੰਬਰ 1539 ਵਿਚ ਜੋਤੀ ਜੋਤ ਸਮਾ ਗਏ।

# 2. ਸੱਚਾ ਜਨੇਊ

ਹਿੰਦੂਆਂ ਵਿਚ ਰਿਵਾਜ਼ ਹੈ ਕਿ ਜਦੋਂ ਲੜਕਾ ਦਸ ਬਾਰ੍ਹਾਂ ਸਾਲ ਦਾ ਹੋ ਜਾਵੇ ਤਾਂ ਉਸ ਨੂੰ ਜਨੇਊ ਪਾਇਆ ਜਾਂਦਾ ਹੈ। ਜਨੇਊ ਸੂਤਰ ਦੇ ਧਾਗੇ ਨੂੰ ਵੱਟ ਦੇ ਕੇ ਬਣਾਇਆ ਜਾਂਦਾ ਹੈ। ਜਨੇਊ ਪਾਉਣ ਲਈ ਦਿਨ ਮਿਥਿਆ ਜਾਂਦਾ ਹੈ। ਉਸ ਦਿਨ ਸਾਰੇ ਸੰਬੰਧੀ, ਅੰਗ-ਸਾਕ ਇਕੱਠੇ ਹੁੰਦੇ ਹਨ। ਜਨੇਊ ਪਾਉਣ ਦੀ ਰੀਤੀ ਪੰਡਤ ਦੁਆਰਾ ਕੀਤੀ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਕਿਉਂਕਿ ਖੱਤਰੀ ਜ਼ਾਤ ਦੀ ਬੇਦੀ ਕੁਲ ਵਿਚ ਹੋਇਆ ਸੀ, ਇਸ ਲਈ ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ, ਆਪਣੇ ਪੁੱਤਰ ਨੂੰ ਜਨੇਊ ਪਾਉਣ ਦੀ ਰਸਮ ਪੂਰੀ ਕਰਨ ਦਾ ਫ਼ੈਸਲਾ ਕੀਤਾ। ਘਰ ਦੇ ਪਰੋਹਿਤ ਹਰਦਿਆਲ ਦੀ ਸਲਾਹ ਨਾਲ ਦਿਨ ਮਿਥਿਆ ਗਿਆ। ਸਾਰੀ ਬਰਾਦਰੀ ਅੰਗ-ਸਾਕ ਇਕੱਠਾ ਹੋਇਆ। ਪਰੋਹਿਤ ਨੇ ਸ਼ਾਸਤਰਾਂ ਦੇ ਮਿਥੇ ਹੋਏ ਮੰਤਰ ਪੜ੍ਹੇ ਤੇ ਹੋਰ ਰਸਮੀ ਕਾਰਵਾਈ ਕੀਤੀ। ਸਤਿਗੁਰੂ ਜੀ ਪੰਡਤ ਦਾ ਤਮਾਸ਼ਾ ਵੇਖਦੇ ਰਹੇ। ਪੰਡਤ ਨੇ ਗੁਰੂ ਜੀ ਨੂੰ ਜਨੇਊ ਪਾਉਣ ਲਈ ਬਾਂਹ ਉਤਾਂਹ ਕੀਤੀ ਤਾਂ ਗੁਰੂ ਜੀ ਨੇ ਭਰੀ ਸਭਾ ਦੇ ਵਿਚ ਪੰਡਤ ਦਾ ਹੱਥ ਫੜ ਲਿਆ ਤੇ ਕਹਿਣ ਲੱਗੇ, "ਪੰਡਤ ਜੀ, ਇਹ ਕੀ ਹੈ ? ਇਹ ਧਾਗਾ ਜਿਹਾ ਮੇਰੇ ਗਲ ਕਿਉਂ ਪਾਉਣ ਲੱਗੇ ਹੋ ?"

ਪੰਡਤ ਜੀ ਨੇ ਉੱਤਰ ਦਿੱਤਾ, "ਇਹ ਧਾਗਾ ਨਹੀਂ ਹੈ, ਪਵਿੱਤਰ ਜਨੇਊ ਹੈ। ਇਹ ਉੱਚੀ ਜ਼ਾਤ ਦੇ ਹਿੰਦੂਆਂ ਦੀ ਨਿਸ਼ਾਨੀ ਹੈ। ਇਸ ਤੋਂ ਬਗੈਰ ਬੰਦਾ ਸ਼ੂਦਰ ਦੇ ਬਰਾਬਰ ਹੁੰਦਾ ਹੈ। ਜੇ ਤੁਸੀਂ ਜਨੇਊ ਪਾ ਲਉਗੇ ਤਾਂ ਤੁਸੀਂ ਉੱਚੇ ਗਿਣੇ ਜਾਉਗੇ। ਇਹ ਜਨੇਊ, ਅਗਲੇ ਜਹਾਨ ਵਿਚ ਵੀ ਤੁਹਾਡੀ ਸਹਾਇਤਾ ਕਰੇਗਾ।"

ਪੰਡਤ ਦੀ ਗੱਲ ਸੁਣ ਕੇ ਗੁਰੂ ਜੀ ਕਹਿਣ ਲੱਗੇ, "ਪੰਡਤ ਜੀ, ਬੜੇ ਗੁਣ ਦੱਸੇ ਹਨ, ਤੁਸੀਂ ਜਨੇਊ ਦੇ। ਪਰ ਮੇਰੇ ਕੁਝ ਸ਼ੰਕੇ ਹਨ। ਤੁਸੀਂ ਆਖਿਆ ਹੈ ਕਿ ਇਹ ਧਾਗਾ ਉੱਚੀ ਜ਼ਾਤ ਦੀ ਨਿਸ਼ਾਨੀ ਹੈ, ਮੈਂ ਤਾਂ ਇਹ ਗੱਲ ਨਹੀਂ ਮੰਨਦਾ। ਉੱਚੀ ਜ਼ਾਤ ਵਾਲਾ ਉਹ ਹੈ ਜੋ ਉੱਚੇ ਤੇ ਨੇਕ ਕੰਮ ਕਰੇ। ਸੁੱਚਾ ਉਹ ਹੈ ਜਿਸ ਦੇ ਕੰਮ ਸੁੱਚੇ ਹਨ। ਨੀਵਾਂ ਜਾਂ ਨੀਚ ਉਹ ਹੈ ਜਿਸਦੇ ਕੰਮ ਨੀਵੇਂ ਜਾਂ ਮੰਦੇ ਹਨ। ਚੰਗੇ ਮੰਦੇ ਕੰਮ ਹੀ ਉੱਚੀ ਨੀਵੀਂ ਜ਼ਾਤ ਦੀ ਪੱਕੀ ਨਿਸ਼ਾਨੀ ਹੁੰਦੇ ਹਨ। ਨਾਲੇ ਇਹ ਧਾਗਾ ਤਾਂ ਕੱਚਾ ਹੈ। ਇਹ ਮੈਲਾ ਹੋ ਜਾਵੇਗਾ। ਪੁਰਾਣਾ ਹੋ ਕੇ ਟੁੱਟ ਜਾਵੇਗਾ। ਫੇਰ ਹੋਰ ਨਵਾਂ ਪਾਉਣਾ ਪਵੇਗਾ। ਇਸ ਧਾਗੇ ਨੇ ਕਿਸੇ ਨੂੰ ਕੀ ਵਡਿਆਈ ਦੇਣੀ ਹੈ ? ਅਸਲੀ ਮਾਣ ਤਾਂ ਨੇਕੀ ਵਾਲੇ ਜੀਵਨ ਤੋਂ ਹੀ ਮਿਲ ਸਕਦਾ ਹੈ। ਨਾਲੇ

ਤੁਸੀਂ ਆਖਦੇ ਹੋ ਕਿ ਇਹ ਧਾਗਾ ਬੰਦੇ ਦੀ ਅਗਲੇ ਜਹਾਨ ਸਹਾਇਤਾ ਕਰਦਾ ਹੈ, ਉਹ ਕਿਸ ਤਰ੍ਹਾਂ ? ਇਹ ਧਾਗਾ ਤਾਂ ਸਰੀਰ ਦੇ ਨਾਲ ਇਥੇ, ਇਸ ਜਹਾਨ ਵਿਚ ਹੀ ਰਹਿ ਜਾਵੇਗਾ। ਇਸ ਨੇ ਆਤਮਾ ਨਾਲ ਤਾਂ ਜਾਣਾ ਨਹੀਂ। ਜਦੋਂ ਸਰੀਰ ਅੰਤ ਸਮੇਂ ਸੜ ਜਾਵੇਗਾ, ਇਹ ਧਾਗਾ ਨਾਲ ਹੀ ਸੜ ਜਾਵੇਗਾ। ਇਸ ਲਈ ਮੈਨੂੰ ਉਹ ਧਾਗਾ ਪਾਉ ਜਿਹੜਾ ਨਾ ਟੁੱਟੇ, ਨਾ ਮੈਲਾ ਹੋਵੇ ਤੇ ਨਾ ਹੀ ਸੜੇ। ਜਿਹੜਾ ਹਰ ਵੇਲੇ ਮੇਰੇ ਨਾਲ ਰਹੇ। ਜਿਹੜਾ ਮੈਨੂੰ ਭੈੜੇ ਕੰਮਾਂ ਤੋਂ ਰੋਕੇ ਅਤੇ ਨੇਕ ਕੰਮ ਕਰਨ ਲਈ ਪ੍ਰੇਰਨਾ ਦੇਵੇ। ਜਿਹੜਾ ਅਗਲੇ ਜਹਾਨੇ ਵੀ ਮੇਰੇ ਨਾਲ ਜਾਵੇ ਅਤੇ ਉਥੇ ਮੇਰੀ ਸਹਾਇਤਾ ਕਰੇ। ਜੇ ਇਹੋ ਜਿਹਾ ਜਨੇਊ ਤੁਹਾਡੇ ਪਾਸ ਹੈ ਤਾਂ ਲਿਆਉ, ਮੇਰੇ ਗਲ ਪਾ ਦਿਉ। ਗੁਰਬਾਣੀ ਵਿਚ ਆਪ ਜੀ ਦਾ ਫੁਰਮਾਨ ਇਸ ਪ੍ਰਕਾਰ ਹੈ :

**ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ॥**
**ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ, ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ॥**

ਗੁਰੂ ਜੀ ਦੇ ਬਚਨ ਬੜੇ ਸਪੱਸ਼ਟ ਸਨ। ਸਭ ਦੀ ਸਮਝ ਵਿਚ ਆ ਗਏ, ਪਰ ਸਾਰੇ ਬੜੇ ਹੈਰਾਨ ਸਨ ਕਿ ਅੱਜ ਤਕ ਕਿਸੇ ਨੇ ਇਹੋ ਜਹੀ ਗੱਲ ਨਹੀਂ ਕੀਤੀ ਜੋ ਦਸਾਂ ਵਰ੍ਹਿਆਂ ਦੇ ਗੁਰੂ ਨਾਨਕ ਨੇ ਕਰ ਵਿਖਾਈ ਹੈ। ਮਾਪਿਆਂ ਨੇ ਬੜੇ ਲਾਡ ਨਾਲ ਸਮਝਾਇਆ। ਪੰਡਤ ਨੇ ਬੜੇ ਮਿੱਠੇ ਲਫ਼ਜ਼ ਵਰਤੇ ਕਿ ਸ਼ਾਸਤਰਾਂ ਦਾ ਉਲੰਘਣ ਕਰਨਾ ਠੀਕ ਨਹੀਂ ਪਰ ਗੁਰੂ ਨਾਨਕ ਦੇਵ ਜੀ ਆਪਣੇ ਇਰਾਦੇ ਉੱਤੇ ਦ੍ਰਿੜ ਰਹੇ। ਉਹਨਾਂ ਦੀ ਮੰਗ ਇਹੀ ਸੀ ਕਿ ਆਤਮਕ ਜੀਵਨ ਵਾਸਤੇ ਆਤਮਕ ਜਨੇਊ ਦੀ ਹੀ ਲੋੜ ਹੈ। ਪਰ ਪੰਡਤ ਜੀ ਕੋਲ ਐਸਾ ਜਨੇਊ ਹੈ ਹੀ ਨਹੀਂ ਸੀ।

ਫੇਰ ਗੁਰੂ ਜੀ ਨੇ ਦੱਸਿਆ ਕਿ ਇਸ ਜਨੇਊ ਦਾ ਮਤਲਬ ਤਾਂ ਸਿਰਫ਼ ਬ੍ਰਾਹਮਣ ਦਾ ਆਪਣੇ ਆਪ ਨੂੰ ਗੁਰੂ ਅਖਵਾਉਣਾ ਤੇ ਲੋਕਾਂ ਕੋਲੋਂ ਆਪਣੀ ਮਾਨਤਾ ਕਰਵਾਉਣਾ ਹੈ।

ਦਸਾਂ ਸਾਲਾਂ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਦੀ ਬ੍ਰਾਹਮਣਾਂ ਦੇ ਕਰਮ ਕਾਂਡ ਉਪਰ ਇਹੀ ਪਹਿਲੀ ਕਰਾਰੀ ਚੋਟ ਸੀ ਜਿਸ ਅੱਗੇ ਪੰਡਤ ਜੀ ਤੇ ਹੋਰ ਸਭ ਨੂੰ ਨਿਉਣਾ ਪਿਆ। ਐਸਾ ਕਰ ਕੇ ਉਹਨਾਂ ਇਹ ਦੱਸ ਦਿੱਤਾ ਕਿ ਮੈਂ ਹਿੰਦੂ ਨਹੀਂ, ਮੇਰਾ ਧਰਮ ਹੋਰ ਹੈ।

**ਸਿਖਿਆ** : ਇਸ ਸਾਖੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਕੋਈ ਬੰਦਾ ਉੱਚਾ ਜਾਂ ਨੀਵਾਂ ਨਹੀਂ। ਸਿੱਖ ਕਿਸੇ ਜ਼ਾਤ-ਪਾਤ ਨੂੰ ਨਹੀਂ ਮੰਨਦਾ। ਉੱਚਾ ਉਹ ਹੈ ਜੋ ਨੇਕ ਕੰਮ ਕਰੇ। ਨੀਵਾਂ ਉਹ ਹੈ ਜੋ ਭੈੜੇ ਕੰਮ ਕਰੇ। ਧਾਗੇ ਦਾ ਬਣਿਆ

ਜਨੇਊ ਪਾਉਣ ਨਾਲ ਮਨੁੱਖ ਧਰਮੀ ਨਹੀਂ ਬਣ ਸਕਦਾ। ਇਸ ਤਰ੍ਹਾਂ ਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਗੁਰਸਿੱਖ ਨੇ ਬ੍ਰਾਹਮਣ ਦੇ ਪਾਏ ਭਰਮ ਜਾਲ ਵਿਚ ਨਹੀਂ ਫਸਣਾ।

## 3. ਸੱਚੀ ਭਗਤੀ

ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਤੋਂ ਬਾਹਰ ਆਏ ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਇਹ ਨਾਹਰਾ ਲਾਇਆ, "ਨਾ ਕੋਈ ਹਿੰਦੂ, ਨਾ ਮੁਸਲਮਾਨ।" ਗੁਰੂ ਜੀ ਨੇ ਸਮਝਾਇਆ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡ ਦਿਉ। ਪ੍ਰਮਾਤਮਾ ਨੂੰ ਸਾਰੀ ਲੋਕਾਈ ਵਿਚ ਦੇਖੋ। ਇਕ ਅਕਾਲਪੁਰਖ ਨੂੰ ਹੀ ਯਾਦ ਕਰੋ ਜੋ ਸਭ ਅੰਦਰ ਵਸ ਰਿਹਾ ਹੈ।

ਜਦੋਂ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਅਤੇ ਕਾਜ਼ੀ ਨੇ ਗੁਰੂ ਜੀ ਦੀ ਇਹ ਗੱਲ ਸੁਣੀ ਤਾਂ ਕਹਿਣ ਲੱਗੇ, "ਗੁਰੂ ਜੀ! ਜੇ ਤੁਹਾਨੂੰ ਹਿੰਦੂਆਂ ਤੇ ਮੁਸਲਮਾਨਾਂ ਅੰਦਰ ਇਕੋ ਰੱਬ ਦਿਸਦਾ ਹੈ ਤਾਂ ਆਉ ਸਾਡੇ ਨਾਲ ਰਲ ਕੇ ਨਿਮਾਜ਼ ਪੜ੍ਹੋ।" ਸਤਿਗੁਰੂ ਨਵਾਬ ਤੇ ਕਾਜ਼ੀ ਨਾਲ ਤੁਰ ਪਏ।

ਮਸਜਿਦ ਵਿਚ ਸਾਰੇ ਮੁਸਲਮਾਨ ਇਕੱਠੇ ਹੋਏ। ਸਭ ਦੇ ਅੱਗੇ ਖਲੋ ਕੇ ਕਾਜ਼ੀ ਨੇ ਨਿਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਵੀ ਉਸ ਦੇ ਕੋਲ ਖੜ੍ਹੇ ਹੋ ਗਏ, ਤੇ ਲੱਗੇ ਕਾਜ਼ੀ ਦੇ ਚਿਹਰੇ ਨੂੰ ਪੜ੍ਹਨ। ਸਤਿਗੁਰੂ ਨੇ ਕਾਜ਼ੀ ਵੱਲ ਤੱਕਿਆ, ਤੱਕ ਕੇ ਹੱਸ ਪਏ। ਉਨ੍ਹਾਂ ਨੂੰ ਸਾਫ਼ ਦਿਸ ਰਿਹਾ ਸੀ ਕਿ ਕਾਜ਼ੀ ਦਾ ਮਨ ਉਥੇ ਹਾਜ਼ਰ ਨਹੀਂ ਸੀ।

ਮੁਸਲਮਾਨੀ ਰਾਜ ਸੀ, ਉਹਨਾਂ ਦਾ ਹੀ ਧਰਮ ਅਸਥਾਨ ਸੀ। ਸੁਲਤਾਨਪੁਰ ਦਾ ਸਭ ਤੋਂ ਵੱਡਾ ਹਾਕਮ ਉਥੇ ਹਾਜ਼ਰ ਸੀ। ਵੱਡਾ ਕਾਜ਼ੀ ਸੈਂਕੜੇ ਮੁਸਲਮਾਨਾਂ ਸਮੇਤ ਨਿਮਾਜ਼ ਵਿਚ ਸ਼ਾਮਲ ਸੀ। ਇਹ ਗੁਰੂ ਜੀ ਵਰਗੇ ਸੂਰਮੇ ਦਾ ਹੀ ਕੰਮ ਸੀ ਕਿ ਨਿਮਾਜ਼ ਪੜ੍ਹਦੇ ਕਾਜ਼ੀ ਪਾਸ ਖਲੋ ਕੇ ਉਸ ਦਾ ਹਾਸਾ ਉਡਾਉਣ। ਗੁਰੂ ਜੀ ਤਾਂ ਸੱਚ ਨੂੰ ਸੱਚ ਕਹਿਣਾ ਜਾਣਦੇ ਸਨ। ਖਰੀ ਖਰੀ ਗੱਲ ਕਹਿ ਦੇਣ ਤੋਂ ਉਹ ਡਰਦੇ ਨਹੀਂ ਸਨ। ਡਰ ਉਹਨਾਂ ਦੇ ਜੀਵਨ ਵਿਚ ਹੈ ਹੀ ਨਹੀਂ ਸੀ।

ਕਾਜ਼ੀ ਕਿਵੇਂ ਸਹਾਰ ਸਕਦਾ ਸੀ ਕਿ ਕੋਈ ਉਸ ਦਾ ਹਾਸਾ ਉਡਾਏ। ਉਸ ਨੇ ਨਿਮਾਜ਼ ਖ਼ਤਮ ਹੋਣ ਤੇ ਨਵਾਬ ਅੱਗੇ ਗਿਲਾ ਕੀਤਾ। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਤੁਸੀਂ ਨਿਮਾਜ਼ ਕਿਉਂ ਨਹੀਂ ਪੜ੍ਹੀ ਤੇ ਹੱਸਣ ਦਾ ਕਾਰਨ ਕੀ ਸੀ, ਤਾਂ ਗੁਰੂ ਜੀ ਨੇ ਉੱਤਰ ਦਿੱਤਾ, "ਮੈਂ ਨਿਮਾਜ਼ ਕਿਸ ਦੇ ਨਾਲ ਪੜ੍ਹਦਾ। ਕਾਜ਼ੀ ਸਾਹਿਬ ਮੂੰਹੋਂ ਤਾਂ ਨਿਮਾਜ਼ ਪੜ੍ਹ ਰਹੇ ਸਨ, ਪਰ ਇਹਨਾਂ ਦਾ ਮਨ ਨਿਮਾਜ਼ ਵਿਚ ਨਹੀਂ

ਸੀ। ਇਹਨਾਂ ਦਾ ਮਨ ਤਾਂ ਘਰ ਪੁੱਜਾ ਹੋਇਆ ਸੀ ਕਿ ਕਿਧਰੇ ਨਵਾਂ ਜੰਮਿਆ ਵਛੇਰਾ ਵਿਹੜੇ ਵਿਚਲੀ ਖੂਹੀ ਵਿਚ ਨਾ ਡਿੱਗ ਪਵੇ।" ਗੁਰੂ ਜੀ ਸਮਝਾ ਰਹੇ ਸਨ ਕਿ ਇਸ ਗੱਲ ਦਾ ਕੀ ਲਾਭ ਕਿ ਨਿਰੀ ਜੀਭ ਹੀ ਕੋਈ ਲਫ਼ਜ਼ ਪੜ੍ਹੀ ਜਾਏ। ਜੇ ਮਨ ਪ੍ਰਭੂ ਨਾਲ ਨਹੀਂ ਜੁੜਿਆ ਤਾਂ ਐਸੀ ਨਿਮਾਜ਼ ਸੱਚੀ ਕਿਵੇਂ ਹੋਈ ?

ਇਹ ਗੱਲ ਸਭ ਦੀ ਸਮਝ ਵਿਚ ਆ ਗਈ ਤੇ ਸਾਰੇ ਕਹਿਣ ਲੱਗੇ : "**ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ**।"

**ਸਿਖਿਆ** : ਸੱਚੀ ਭਗਤੀ ਤਾਂ ਹੀ ਸਮਝੀ ਜਾ ਸਕਦੀ ਹੈ, ਜੇ ਮਨ ਕੀਤੇ ਜਾ ਰਹੇ ਪਾਠ ਦੇ ਅਰਥਾਂ ਵਿਚ ਜੁੜਿਆ ਰਹੇ। ਕੇਵਲ ਮੂੰਹ ਨਾਲ ਪਾਠ ਕਰੀ ਜਾਣਾ ਤੇ ਮਨ ਨੂੰ ਪਾਠ ਵਿਚ ਨਾ ਲਾਉਣਾ, ਇਹ ਪ੍ਰਭੂ ਦੀ ਸੱਚੀ ਭਗਤੀ ਨਹੀਂ।

## 4. ਸੱਚੀ ਆਰਤੀ

ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ, ਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਜਾ ਪਹੁੰਚੇ। ਇਹ ਸ਼ਹਿਰ ਸਮੁੰਦਰ ਦੇ ਕੰਢੇ ਉੱਪਰ ਹੈ। ਇਥੇ ਹਿੰਦੂਆਂ ਦਾ ਵੱਡਾ ਤੀਰਥ ਹੈ। ਇਕ ਮੰਦਰ ਦੇ ਅੰਦਰ ਜਗਨਨਾਥ ਦੀ ਮੂਰਤੀ ਹੈ, ਜਿਸ ਦੀ ਬੜੀ ਪੂਜਾ ਹੁੰਦੀ ਹੈ।

ਗੁਰੂ ਜੀ ਮੰਦਰ ਤੋਂ ਕੁਝ ਵਿੱਥ ਤੇ ਜਾ ਕੇ ਬਹਿ ਗਏ। ਭਾਈ ਮਰਦਾਨਾ ਜੀ ਰਬਾਬ ਵਜਾਉਣ ਲੱਗੇ। ਲੋਕ ਉਦਾਲੇ ਆ ਜੁੜੇ। ਕੀਰਤਨ ਸੁਣ ਕੇ ਮੋਹੇ ਗਏ। ਲੋਕਾਂ ਨੇ ਗੁਰੂ ਜੀ ਤੋਂ ਰੱਬ ਬਾਰੇ, ਮੁਕਤੀ ਬਾਰੇ ਗੱਲਾਂ ਪੁੱਛੀਆਂ। ਗੁਰੂ ਜੀ ਨੇ ਸਭ ਸਵਾਲਾਂ ਦੇ ਉੱਤਰ ਦਿੱਤੇ। ਤਿਰਕਾਲਾਂ ਪੈ ਗਈਆਂ। ਬ੍ਰਾਹਮਣਾਂ ਤੇ ਪੁਜਾਰੀਆਂ ਨੇ ਕਿਹਾ "ਜਗਨਨਾਥ ਦੀ ਆਰਤੀ ਹੋਣ ਲੱਗੀ ਹੈ, ਤੁਸੀਂ ਵੀ ਸ਼ਾਮਲ ਹੋਵੋ।"

ਗੁਰੂ ਜੀ ਨੇ ਕਿਹਾ, "ਜਗਤ ਦੇ ਨਾਥ (ਪ੍ਰਮਾਤਮਾ) ਦੀ ਆਰਤੀ ਵਿਚ ਅਸੀਂ ਜ਼ਰੂਰ ਸ਼ਾਮਲ ਹੋਵਾਂਗੇ।"

ਗੁਰੂ ਜੀ ਜਗਨਨਾਥ ਦੇ ਮੰਦਰ ਪੁੱਜੇ। ਉਹ ਕੀ ਵੇਖਦੇ ਹਨ ਕਿ ਇਕ ਵੱਡੇ ਸਾਰੇ ਸੁਨਹਿਰੀ ਥਾਲ ਵਿਚ ਹੀਰੇ ਮੋਤੀ ਅਤੇ ਲਾਲ ਜੜੇ ਹੋਏ ਹਨ। ਇਸ ਵਿਚ ਇਕ ਵੱਡਾ ਸਾਰਾ ਚਹੁੰ ਵੱਟੀਆਂ ਵਾਲਾ ਦੀਵਾ ਹੈ। ਦੀਵੇ ਦੀਆਂ ਚਾਰੇ ਵੱਟੀਆਂ ਬਲ ਰਹੀਆਂ ਹਨ। ਦੀਵੇ ਦੇ ਲਾਗੇ ਥਾਲ ਵਿਚ ਧੂਪ ਧੁਖ ਰਹੀ ਹੈ। ਇਕ ਪਾਸੇ ਚਾਂਦੀ ਦੀ ਥਾਲੀ ਵਿਚ ਸੰਦਲ ਦਾ ਬੂਰ ਪਿਆ ਹੈ। ਉਸ ਉਪਰ ਮੁਸ਼ਕ ਕਾਫ਼ੂਰ ਦੀ ਡਲੀ ਰੱਖੀ ਹੋਈ ਹੈ, ਜਿਸ ਨੂੰ ਅੱਗ ਲਾਈ ਹੋਈ ਹੈ। ਮੂਰਤੀ ਨੂੰ ਚੌਰ ਹੋ ਰਿਹਾ

ਹੈ। ਢੋਲਕੀਆਂ, ਛੈਣੇ ਵੱਜ ਰਹੇ ਹਨ। ਮੂਰਤੀ ਦੀ ਆਰਤੀ ਹੋ ਰਹੀ ਹੈ। ਥਾਲ ਨੂੰ ਹੇਠਾਂ-ਉਪਰ ਅਤੇ ਗੋਲ ਚੱਕਰ ਵਿਚ ਘੁਮਾਇਆ ਜਾ ਰਿਹਾ ਹੈ। ਨਾਲ-ਨਾਲ ਬ੍ਰਾਹਮਣ ਤੇ ਹੋਰ ਲੋਕ ਭਜਨ ਗਾ ਰਹੇ ਹਨ।

ਗੁਰੂ ਜੀ ਚੁੱਪ ਕੀਤੇ ਬਾਹਰ ਆ ਗਏ। ਆਪ ਤਾਰਿਆਂ ਨਾਲ ਜੜ੍ਹਤ ਨੀਲੇ ਅਸਮਾਨ ਨੂੰ ਵੇਖਦੇ ਰਹੇ ਤੇ ਰੱਬ ਦੀ ਕੁਦਰਤ ਨੂੰ ਵੇਖ ਕੇ ਉਸ ਦਾ ਜਸ ਕਰਦੇ ਰਹੇ।

ਜਦੋਂ ਲੋਕੀਂ ਆਰਤੀ ਕਰਕੇ ਬਾਹਰ ਆਏ ਤਾਂ ਉਹਨਾਂ ਨੇ ਗੁਰੂ ਜੀ ਨੂੰ ਪੁੱਛਿਆ, "ਤੁਸੀਂ ਆਰਤੀ ਵਿਚ ਸ਼ਾਮਲ ਕਿਉਂ ਨਹੀਂ ਹੋਏ?" ਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ, "ਮੈਂ ਤਾਂ ਜਗਤ ਦੇ ਮਾਲਕ ਪ੍ਰਮਾਤਮਾ ਦੀ ਸੱਚੀ ਆਰਤੀ ਕਰ ਰਿਹਾ ਸਾਂ। ਤੁਸੀਂ ਆਪ ਉਸ ਸੱਚੀ ਆਰਤੀ ਵਿਚ ਸ਼ਾਮਲ ਨਹੀਂ ਹੋਏ।"

ਇਕ ਬ੍ਰਾਹਮਣ ਨੇ ਪੁੱਛਿਆ, "ਤੁਸੀਂ ਇਥੇ ਬੈਠੇ ਕਿਹੜੀ ਆਰਤੀ ਕਰਦੇ ਰਹੇ ਹੋ ? ਆਰਤੀ ਤਾਂ ਮੰਦਰ ਦੇ ਅੰਦਰ ਹੋ ਰਹੀ ਸੀ।"

ਗੁਰੂ ਜੀ ਨੇ ਦੱਸਿਆ, "ਜਗਤ ਦੇ ਮਾਲਕ ਦੀ ਸੱਚੀ ਆਰਤੀ ਹਰ ਸਮੇਂ, ਹਰ ਜਗ੍ਹਾ ਹੋ ਰਹੀ ਹੈ। ਅਸੀਂ, ਇਨਸਾਨ ਦੇ ਹੱਥੀਂ ਘੜੀ ਹੋਈ ਕਿਸੇ ਮੂਰਤੀ ਦੀ ਆਰਤੀ ਨਹੀਂ ਕਰਦੇ। ਅਸੀਂ ਤਾਂ ਪ੍ਰਮਾਤਮਾ ਦੀ ਸੱਚੀ ਆਰਤੀ ਕਰਦੇ ਹਾਂ।" ਇਹ ਬਚਨ ਕਹਿ ਕੇ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਸ਼ਾਰਾ ਕੀਤਾ। ਭਾਈ ਮਰਦਾਨਾ ਜੀ ਨੇ ਰਬਾਬ ਵਜਾਈ। ਗੁਰੂ ਜੀ ਨੇ ਧਨਾਸਰੀ ਰਾਗ ਵਿਚ ਇਹ ਸ਼ਬਦ ਉਚਾਰਿਆ :

**ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ,**
**ਤਾਰਿਕਾ ਮੰਡਲ ਜਨਕ ਮੋਤੀ॥**

ਸ਼ਬਦ ਦਾ ਕੀਰਤਨ ਕਰਨ ਮਗਰੋਂ ਗੁਰੂ ਜੀ ਨੇ ਉਸ ਦੇ ਅਰਥ ਸਮਝਾਏ। ਗੁਰੂ ਜੀ ਨੇ ਦੱਸਿਆ ਕਿ ਅਸਮਾਨ ਇਕ ਥਾਲ ਹੈ। ਸੂਰਜ ਅਤੇ ਚੰਦ ਉਸ ਥਾਲ ਵਿਚ ਮਾਨੋ ਦੀਵੇ ਹਨ; ਤਾਰੇ, ਮੋਤੀ ਹਨ। ਸੁਗੰਧੀ ਵਾਲੇ ਫੁੱਲ ਤੇ ਚੰਦਨ ਦੇ ਰੁੱਖ ਧੂਪ ਹਨ, ਵਗ ਰਹੀ ਹਵਾ ਚੌਰ ਕਰ ਰਹੀ ਹੈ। ਵਾਹਿਗੁਰੂ ਇਹ ਆਰਤੀ ਹਰ ਸਮੇਂ ਆਪ ਵੇਖ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ। ਇਹ ਆਰਤੀ ਹਰ ਸਮੇਂ ਹੁੰਦੀ ਰਹਿੰਦੀ ਹੈ। ਤੁਸੀਂ ਵੀ ਸਾਰੇ ਐਸੀ ਸੱਚੀ ਆਰਤੀ ਵਿਚ ਸ਼ਾਮਲ ਹੋਵੋ। ਪ੍ਰਭੂ ਦੀ ਆਰਤੀ ਇਹਨਾਂ ਥਾਲਾਂ ਨਾਲ ਨਹੀਂ ਉਤਾਰੀ ਜਾ ਸਕਦੀ ਤੇ ਨਾ ਹੀ ਕੋਈ ਮਨੁੱਖ ਜਾਂ ਉਸ ਦੀ ਮੂਰਤੀ ਜਗਨਨਾਥ (ਪ੍ਰਭੂ) ਹੋ ਸਕਦੀ ਹੈ। ਸਭ ਨੂੰ ਸੱਚੀ ਆਰਤੀ ਦਾ ਪਤਾ ਲੱਗਾ। ਲੋਕਾਂ ਨੂੰ ਸਮਝ ਆਈ ਕਿ ਮੂਰਤੀ ਪੂਜਾ ਦਾ ਕੋਈ ਲਾਭ

ਨਹੀਂ। ਸਾਨੂੰ ਜਗਤ ਦੇ ਸੱਚੇ ਮਾਲਕ ਪ੍ਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ।

**ਸਿਖਿਆ :** ਪਰਮਾਤਮਾ ਸਰਬ-ਵਿਆਪਕ ਹੈ। ਇਸ ਲਈ ਉਸ ਦੀ ਆਰਤੀ ਮੂਰਤੀਆਂ ਵਾਂਗ ਨਹੀਂ ਉਤਾਰੀ ਜਾ ਸਕਦੀ। ਪਰਮਾਤਮਾ ਦੀ ਸਿਫ਼ਤ-ਸਲਾਹ ਕਰਨਾ ਹੀ ਉਸ ਦੀ ਸੱਚੀ ਆਰਤੀ ਹੈ।

## 5. ਹੱਕ ਦੀ ਕਮਾਈ

ਗੁਰੂ ਦਾ ਸਿੱਖ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ। ਸਿੱਖ ਕਦੀ ਕਿਸੇ ਕੋਲੋਂ ਭੀਖ ਨਹੀਂ ਮੰਗਦਾ। ਉਹ ਕਿਸੇ ਤੇ ਜ਼ੁਲਮ ਨਹੀਂ ਕਰਦਾ, ਜ਼ੁਲਮ ਦੀ ਕਮਾਈ ਨਹੀਂ ਖਾਂਦਾ। ਸਿੱਖ, ਧਰਮ ਦੀ ਕਿਰਤ ਕਰਦਾ ਹੈ। ਆਪਣੀ ਹੱਕ ਦੀ ਕਮਾਈ 'ਚੋਂ ਦੂਜਿਆਂ ਦੀ ਮਦਦ ਕਰਦਾ ਹੈ। ਸਿੱਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਹਿੱਤ ਦਿੰਦਾ ਹੈ। ਇਸ ਦਸਵੇਂ ਹਿੱਸੇ ਨੂੰ ਦਸਵੰਧ ਕਹਿੰਦੇ ਹਨ। ਮਿਹਨਤ ਕਰਕੇ ਕਮਾਈ ਕਰਨ ਵਾਲੇ ਨੂੰ ਗੁਰੂ ਜੀ ਪਿਆਰ ਕਰਦੇ ਹਨ।

ਐਮਨਾਬਾਦ ਵਿਖੇ ਐਸਾ ਹੀ ਇਕ ਸਿੱਖ ਭਾਈ ਲਾਲੋ ਸੀ, ਜੋ ਮਿਹਨਤ ਕਰਕੇ ਆਪਣੀ ਰੋਟੀ ਕਮਾਉਂਦਾ ਸੀ। ਭਾਈ ਲਾਲੋ ਤਰਖਾਣ ਸੀ। ਭਾਵੇਂ ਆਪ ਬਹੁਤ ਗਰੀਬ ਸੀ, ਪਰ ਫਿਰ ਵੀ ਆਪਣੇ ਕੋਲੋਂ ਲੋੜਵੰਦਾਂ ਨੂੰ ਰੋਟੀ ਖੁਆਉਂਦਾ ਸੀ। ਲੋਕ ਉਸ ਨੂੰ ਨੀਚ ਜ਼ਾਤ ਦਾ ਕਹਿੰਦੇ ਸਨ ਪਰ ਗੁਰੂ ਨਾਨਕ ਦੇਵ ਜੀ ਉਸ ਨਾਲ ਪਿਆਰ ਕਰਦੇ ਸਨ, ਉਸ ਦੇ ਘਰ ਜਾ ਕੇ ਰਹਿੰਦੇ ਸਨ। ਬ੍ਰਾਹਮਣ, ਖੱਤਰੀ ਤੇ ਆਪਣੇ ਆਪ ਨੂੰ ਉਚ-ਜਾਤੀਏ ਸਮਝਣ ਵਾਲੇ ਇਸ ਗੱਲ ਤੋਂ ਸੜਦੇ ਤੇ ਗੁਰੂ ਜੀ ਵਿਰੁੱਧ ਪ੍ਰਚਾਰ ਕਰਦੇ ਰਹਿੰਦੇ ਸਨ।

ਐਮਨਾਬਾਦ ਦੇ ਹਾਕਮ ਦਾ ਇਕ ਅਹਿਲਕਾਰ ਸੀ ਜਿਸਦਾ ਨਾਂ ਸੀ ਮਲਕ ਭਾਗੋ। ਉਹ ਬੜਾ ਰਿਸ਼ਵਤਖੋਰ ਸੀ। ਗਰੀਬ ਲੋਕ ਮਲਕ ਭਾਗੋ ਕੋਲੋਂ ਬਹੁਤ ਦੁਖੀ ਸਨ। ਪਰ ਉਹ ਹਰ ਸਾਲ ਧਰਮੀ ਬਣਨ ਦਾ ਨਾਟਕ ਰਚਦਾ ਸੀ। ਉਹ ਬ੍ਰਹਮ-ਭੋਜ ਕਰਦਾ ਤੇ ਇਲਾਕੇ ਦੇ ਬ੍ਰਾਹਮਣਾਂ, ਸਾਧਾਂ-ਸੰਤਾਂ ਤੇ ਪਤਵੰਤੇ ਸੱਜਣਾਂ ਨੂੰ ਭੋਜਨ ਛਕਾਉਂਦਾ, ਜਿਸ ਵਿਚ ਅਨੇਕਾਂ ਪ੍ਰਕਾਰ ਦੇ ਪਕਵਾਨ ਹੁੰਦੇ। ਉਹ ਬ੍ਰਾਹਮਣਾਂ ਤੇ ਸਾਧਾਂ ਨੂੰ ਦਾਨ ਵੀ ਦਿੰਦਾ। ਉਹ ਉਸ ਦਾ ਜੱਸ ਕਰਦੇ ਤੇ ਉਸ ਨੂੰ ਇਕ ਵੱਡਾ ਧਰਮੀ ਆਖਦੇ।

ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਐਮਨਾਬਾਦ ਵਿਖੇ ਭਾਈ ਲਾਲੋ ਦੇ ਘਰ ਜਾ ਠਹਿਰੇ। ਮਲਕ ਭਾਗੋ ਨੇ ਉਨ੍ਹੀਂ ਦਿਨੀ ਹੀ ਬ੍ਰਹਮ-ਭੋਜ ਕੀਤਾ।

ਉਸ ਨੇ ਗੁਰੂ ਸਾਹਿਬ ਨੂੰ ਵੀ ਸੱਦਾ ਭੇਜਿਆ, ਪਰ ਗੁਰੂ ਜੀ ਨਾ ਆਏ। ਮਲਕ ਭਾਗੋ ਨੇ ਇਸ ਵਿਚ ਆਪਣੀ ਹੱਤਕ ਸਮਝੀ। ਬ੍ਰਾਹਮਣਾਂ, ਖੱਤਰੀਆਂ ਨੇ ਉਸ ਨੂੰ ਹੋਰ ਭੜਕਾਇਆ। ਗੁੱਸੇ ਵਿਚ ਭਰੇ ਪੀਤੇ ਨੇ ਫਿਰ ਆਦਮੀ ਭੇਜਿਆ। ਗੁਰੂ ਜੀ, ਭਾਈ ਮਰਦਾਨਾ ਜੀ ਦੇ ਨਾਲ ਆ ਗਏ। ਪਰ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ। ਮਲਕ ਭਾਗੋ ਨੇ ਪੁੱਛਿਆ, "ਤੁਸੀਂ ਮੇਰੇ ਬ੍ਰਹਮ ਭੋਜ ਵਿਚ ਕਿਉਂ ਸ਼ਾਮਲ ਨਹੀਂ ਹੋਏ ? ਖੱਤਰੀ ਹੋ ਕੇ ਸ਼ੂਦਰ ਲਾਲੋ ਦੇ ਘਰੋਂ ਰੋਟੀ ਕਿਉਂ ਖਾਂਦੇ ਹੋ ? ਸ਼ੂਦਰਾਂ ਕੋਲ ਜਾਣ ਨਾਲ ਤਾਂ ਸਾਡਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ।"

ਗੁਰੂ ਜੀ ਨੇ ਉੱਤਰ ਦਿੱਤਾ, "ਭਾਈ ਲਾਲੋ ਸ਼ੂਦਰ ਨਹੀਂ, ਮੇਰਾ ਪਿਆਰਾ ਸਿੱਖ ਹੈ। ਉਹ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ। ਧਰਮ ਦੀ ਕਿਰਤ ਕਰਦਾ ਹੈ। ਉਸ ਦੀ ਰੋਟੀ ਭਾਵੇਂ ਕੋਧਰੇ ਦੀ ਹੈ ਤੇ ਉਹ ਗਰੀਬ ਹੈ ਪਰ ਫਿਰ ਵੀ ਉਸ ਵਿਚ ਦੁੱਧ ਹੈ। ਤੇਰੀ ਕਮਾਈ ਧਰਮ ਦੀ ਨਹੀਂ। ਤੂੰ ਲੋਕਾਂ ਤੇ ਜ਼ੁਲਮ ਕਰਦਾ ਹੈਂ, ਰਿਸ਼ਵਤ ਲੈ ਕੇ ਗਰੀਬਾਂ ਦਾ ਖ਼ੂਨ ਚੂਸਦਾ ਹੈਂ, ਤੇਰੀਆਂ ਪੂੜੀਆਂ ਗਰੀਬਾਂ ਦੇ ਖ਼ੂਨ ਨਾਲ ਬਣੀਆਂ ਹਨ। ਇਸ ਲਈ ਮੈਨੂੰ ਤੇਰੇ ਭੋਜਨ ਨਾਲੋਂ ਲਾਲੋ ਦੀ ਸੁੱਕੀ ਰੋਟੀ ਵਧੇਰੇ ਸੁਆਦ ਲੱਗਦੀ ਹੈ। ਮੈਂ ਤੇਰੀਆਂ ਖ਼ੂਨ ਨਾਲ ਭਰੀਆਂ ਪੂੜੀਆਂ ਨਹੀਂ ਖਾ ਸਕਦਾ।" ਭਰੀ ਸਭਾ ਵਿਚ ਇਹ ਗੁਰੂ ਜੀ ਦਾ ਵੱਡੀ ਦਲੇਰੀ ਵਾਲਾ ਉੱਤਰ ਸੀ।

ਮਲਕ ਭਾਗੋ ਨੇ ਜਦੋਂ ਗੁਰੂ ਜੀ ਪਾਸੋਂ ਸੱਚੀਆਂ ਗੱਲਾਂ ਸੁਣੀਆਂ ਤਾਂ ਬੜਾ ਸ਼ਰਮਿੰਦਾ ਹੋਇਆ। ਉਸ ਦੇ ਕੀਤੇ ਗੁਨਾਹ ਉਸ ਦੀਆਂ ਅੱਖਾਂ ਸਾਹਮਣੇ ਆ ਗਏ। ਉਸਦਾ ਉੱਚੀ ਜ਼ਾਤ ਦਾ ਘੁਮੰਡ ਵੀ ਜਾਂਦਾ ਰਿਹਾ।

ਗੁਰੂ ਜੀ ਨੇ ਸਮਝਾਇਆ ਕਿ ਕੋਈ ਮਨੁੱਖ ਜਨਮ ਕਰਕੇ ਨੀਵਾਂ ਨਹੀਂ ਹੋ ਸਕਦਾ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ। ਗਰੀਬਾਂ ਦਾ ਖ਼ੂਨ ਚੂਸ ਕੇ ਕਮਾਈ ਦੌਲਤ ਦੇ ਬ੍ਰਹਮ-ਭੋਜ ਨਾਲ ਪਰਮਾਤਮਾ ਖ਼ੁਸ਼ ਨਹੀਂ ਹੁੰਦਾ। ਪਰਮਾਤਮਾ ਤਾਂ ਹੀ ਖ਼ੁਸ਼ ਹੁੰਦਾ ਹੈ ਜੇ ਮਿਹਨਤ ਨਾਲ ਕੀਤੀ ਕਮਾਈ ਦੁਆਰਾ ਗਰੀਬਾਂ ਤੇ ਲੋੜਵੰਦਾਂ ਦੀ ਸੇਵਾ ਕੀਤੀ ਜਾਵੇ।

**ਸਿਖਿਆ :** ਅਸੀਂ ਵੀ ਭਾਈ ਲਾਲੋ ਵਾਂਗ ਸੱਚੇ ਸਿੱਖ ਬਣਨਾ ਹੈ। ਧਰਮ ਦੀ ਸੱਚੀ-ਸੁੱਚੀ ਕਿਰਤ ਕਰਨੀ ਹੈ। ਮਿਹਨਤ ਕਰਕੇ ਹੱਕ ਦੀ ਕਮਾਈ ਕਰਨੀ ਹੈ। ਦੂਜਿਆਂ ਦਾ ਹੱਕ ਮਾਰ ਕੇ ਜਾਂ ਰਿਸ਼ਵਤ ਦੀ ਕਮਾਈ ਨਾਲ, ਧਨ ਇਕੱਤਰ ਨਹੀਂ ਕਰਨਾ। ਜ਼ਾਤ-ਪਾਤ ਦੇ ਭੇਦ-ਭਾਵ ਨੂੰ ਨਹੀਂ ਮੰਨਣਾ। ਸਭ ਦੀ ਇਕੋ ਹੀ ਜ਼ਾਤ ਹੈ-ਮਨੁੱਖਤਾ।

# 6. ਭਾਈ ਸੱਜਣ ਜੀ

ਇਕ ਵਾਰ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਇਕ ਪਿੰਡ ਵਿਚ ਪੁੱਜੇ ਜਿਸ ਦਾ ਨਾਮ ਸੀ **'ਤੁਲੰਭਾ'**। ਇਹ ਪਿੰਡ ਹੁਣ ਪਾਕਿਸਤਾਨ ਦੇ ਜ਼ਿਲੇ ਮੁਲਤਾਨ ਵਿਚ ਹੈ। ਉਥੇ ਇਕ ਬੜਾ ਵੱਡਾ ਠੱਗ ਰਹਿੰਦਾ ਸੀ, ਜਿਸ ਦਾ ਨਾਮ ਸੀ 'ਸੱਜਣ'। ਉਸ ਨੇ ਸ਼ਹਿਰ ਤੋਂ ਹਟਵੀਂ ਇਕ ਵੱਡੀ ਸਾਰੀ ਸਰ੍ਹਾਂ ਬਣਾਈ ਹੋਈ ਸੀ। ਜਿਸ ਵਿਚ ਉਹ ਆਏ ਗਏ ਰਾਹੀਆਂ ਦੀ ਸੇਵਾ ਕਰਦਾ ਸੀ।

ਸੱਜਣ, ਸਾਧੂਆਂ ਫਕੀਰਾਂ ਵਾਲੇ ਕੱਪੜੇ ਪਾਉਂਦਾ ਸੀ। ਜਿਹੜਾ ਮੁਸਾਫਰ ਆਵੇ ਉਸ ਦੀ ਬੜੀ ਸੇਵਾ ਕਰਦਾ, ਚੰਗਾ ਖਾਣ ਨੂੰ ਦਿੰਦਾ ਅਤੇ ਸੌਣ ਲਈ ਚੰਗਾ ਮੰਜਾ ਬਿਸਤਰਾ ਵਿਛਵਾ ਦੇਂਦਾ। ਜਦੋਂ ਮੁਸਾਫਰ ਸੌਂ ਜਾਂਦਾ ਤਾਂ ਸੱਜਣ ਅਤੇ ਉਸਦੇ ਸਾਥੀ ਉਸ ਮੁਸਾਫਰ ਨੂੰ ਮਾਰ ਦਿੰਦੇ ਤੇ ਉਸਦਾ ਮਾਲ ਧਨ ਲੁੱਟ ਲੈਂਦੇ। ਪਰ ਬਾਹਰ ਲੋਕਾਂ 'ਚ ਉਸ ਦੀ ਬੜੀ ਸਿਫ਼ਤ ਸੀ। ਲੋਕ ਉਸਨੂੰ ਰੱਬ ਦਾ ਪਿਆਰਾ ਤੇ ਲੋਕਾਂ ਦਾ ਭਲਾ ਕਰਨ ਵਾਲਾ ਸਮਝਦੇ ਸਨ।

ਗੁਰੂ ਨਾਨਕ ਦੇਵ ਜੀ ਇਹੋ ਜਿਹੇ ਭੈੜੇ ਬੰਦਿਆਂ ਦਾ ਸੁਧਾਰ ਕਰਨ ਹੀ ਤਾਂ ਆਏ ਸਨ। ਇਹ ਤਾਂ ਗੁਰੂ ਜੀ ਦੀ ਹਿੰਮਤ ਸੀ ਕਿ ਠੱਗਾਂ ਤੇ ਭੈੜੇ ਲੋਕਾਂ ਕੋਲ ਉਨ੍ਹਾਂ ਨੂੰ ਸਿੱਧੇ ਰਾਹ ਪਾਉਣ ਆਪ ਜਾਂਦੇ ਸਨ। ਸੱਜਣ ਨੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਦੀ ਬੜੀ ਟਹਿਲ ਸੇਵਾ ਕਰਨੀ ਚਾਹੀ, ਪਰ ਗੁਰੂ ਜੀ ਨੇ ਪਹਿਲਾਂ ਹੀ ਭਾਈ ਮਰਦਾਨਾ ਜੀ ਨੂੰ ਸਭ ਕੁਝ ਸਮਝਾ ਦਿੱਤਾ ਸੀ ਕਿ ਅਸੀਂ ਇਥੋਂ ਕੁਝ ਨਹੀਂ ਛਕਣਾ। ਸੱਜਣ ਸਮਝਦਾ ਸੀ ਕਿ ਇਹ ਬਹੁਤ ਧਨ ਦੌਲਤ ਵਾਲੇ ਆਏ ਹਨ, ਚੰਗੀ ਪੂੰਜੀ ਹੱਥ ਲੱਗੇਗੀ।

ਗੁਰੂ ਜੀ ਸੱਜਣ ਅਤੇ ਉਸਦੇ ਸਾਥੀਆਂ ਦੀ ਭੈੜੀ ਨੀਯਤ ਬਾਰੇ ਜਾਣਦੇ ਸਨ। ਇਸ ਲਈ ਜਦ ਸੱਜਣ ਕਾਫੀ ਪਦਾਰਥ ਲੈ ਕੇ ਆਇਆ ਤਾਂ ਗੁਰੂ ਜੀ ਨੇ ਛਕਣ ਤੋਂ ਨਾਂਹ ਕਰ ਦਿੱਤੀ। ਫਿਰ ਸੱਜਣ ਨੇ ਗੁਰੂ ਜੀ ਨੂੰ ਅਰਾਮ ਕਰਨ ਲਈ ਕਿਹਾ। ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਅਸੀਂ ਉਹ ਕੰਮ-ਵਿਹਾਰ ਜਿਸ ਵਾਸਤੇ ਅਕਾਲ ਪੁਰਖ ਨੇ ਸਾਨੂੰ ਭੇਜਿਆ ਹੈ, ਖ਼ਤਮ ਕਰਕੇ ਹੀ ਅਰਾਮ ਕਰਾਂਗੇ। ਸੱਜਣ, ਨਾਲ ਦੇ ਕਮਰੇ ਵਿਚ ਮੌਕੇ ਦੀ ਉਡੀਕ ਵਿਚ ਜਾ ਬੈਠਾ ਅਤੇ ਸੋਚਣ ਲੱਗਾ, ਜਦ ਇਹ ਸੌਂ ਜਾਣਗੇ ਤਾਂ ਆਪਣਾ ਕੰਮ ਕਰ ਲਵਾਂਗਾ।

ਉਧਰ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਵਜਾਉਣ ਲਈ ਕਿਹਾ,

ਗੁਰੂ ਜੀ ਨੇ ਸੂਹੀ ਰਾਗ ਵਿਚ ਇਹ ਸ਼ਬਦ ਉਚਾਰਨ ਕੀਤਾ :

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**

**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥**

ਜਦੋਂ ਸੱਜਣ ਨੇ ਨਾਲ ਦੇ ਕਮਰੇ ਵਿਚ ਇਹ ਸ਼ਬਦ ਸੁਣਿਆ ਤਾਂ ਉਸਦੀ ਹੈਰਾਨੀ ਦੀ ਹੱਦ ਨਾ ਰਹੀ, ਕਿਉਂਕਿ ਉਸਨੂੰ ਸ਼ਬਦ ਵਿਚੋਂ ਆਪਣਾ ਪਖੰਡ ਸਪੱਸ਼ਟ ਦਿਸਦਾ ਸੀ। ਉਹ ਉਠ ਕੇ ਗੁਰੂ ਜੀ ਦੇ ਕਮਰੇ ਵਿਚ ਜਾ ਬੈਠਾ। ਉਸਨੂੰ ਅਨੁਭਵ ਹੋਇਆ ਕਿ ਗੁਰੂ ਸਾਹਿਬ ਉਸਦੇ ਪਰਦੇ ਅੰਦਰ ਕੀਤੇ ਕੁਕਰਮਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਗੁਰੂ ਸਾਹਿਬ ਦੇ ਚਰਨੀਂ ਡਿੱਗ ਪਿਆ।

ਗੁਰੂ ਜੀ ਨੇ ਉਸਨੂੰ ਪੁੱਛਿਆ, "ਤੇਰਾ ਨਾਂ ਕੀ ਹੈ ?" ਉਹ ਕਹਿਣ ਲੱਗਾ, "ਜੀ ਮੇਰਾ ਨਾਂ ਸੱਜਣ ਹੈ। ਹਿੰਦੂ ਮੈਨੂੰ ਸੱਜਣ ਮੱਲ ਕਹਿੰਦੇ ਹਨ, ਮੁਸਲਮਾਨ ਮੈਨੂੰ ਸ਼ੇਖ ਸੱਜਣ ਸ਼ਾਹ ਕਰਕੇ ਸੱਦਦੇ ਹਨ।"

ਸੱਜਣ ਦੀ ਇਹ ਗੱਲ ਸੁਣ ਕੇ ਗੁਰੂ ਜੀ ਹੱਸ ਪਏ। ਉਹ ਕਹਿਣ ਲੱਗੇ, "ਤੇਰਾ ਨਾਂ ਤਾਂ ਬੜਾ ਸੋਹਣਾ ਹੈ, ਪਰ ਕੀ ਤੂੰ ਕੰਮ ਵੀ ਸੱਜਣਾਂ ਵਾਲੇ ਕਰਦਾ ਹੈਂ ?" ਸੱਜਣ ਨੇ ਇਹ ਸੁਣ ਕੇ ਨੀਵੀਂ ਪਾ ਲਈ।

ਗੁਰੂ ਜੀ ਨੇ ਫ਼ੁਰਮਾਇਆ, "ਸੱਜਣਾ! ਤੇਰੇ ਕੰਮ ਸੱਜਣਾਂ ਵਾਲੇ ਨਹੀਂ। ਤੂੰ ਲੋਕਾਂ ਨੂੰ ਧੋਖਾ ਦੇਂਦਾ ਹੈਂ। ਪਾਪ ਕਰ ਕਰ ਕੇ ਤੂੰ ਧਨ ਇਕੱਠਾ ਕਰ ਰਿਹਾ ਹੈਂ। ਲੋਕਾਂ ਭਾਣੇ ਤੂੰ ਭਾਵੇਂ ਸੱਜਣ ਹੈ, ਸਾਧੂ ਹੈਂ, ਪਰ ਤੂੰ ਰੱਬ ਨੂੰ ਧੋਖਾ ਨਹੀਂ ਦੇ ਸਕਦਾ। ਉਹ ਤੇਰੇ ਸਾਰੇ ਕੰਮਾਂ ਨੂੰ ਜਾਣਦਾ ਹੈ। ਯਾਦ ਰੱਖ! ਇਕ ਦਿਨ ਮਰਨਾ ਜ਼ਰੂਰ ਹੈ। ਇਹ ਧਨ ਇਥੇ ਹੀ ਰਹਿ ਜਾਵੇਗਾ, ਪਰ ਇਸ ਧਨ ਦੀ ਖ਼ਾਤਰ ਕੀਤੇ ਹੋਏ ਪਾਪ ਤੇਰੇ ਨਾਲ ਜਾਣਗੇ। ਜਦੋਂ ਤੈਨੂੰ ਇਹਨਾਂ ਮੰਦੇ ਕੰਮਾਂ ਦਾ ਫਲ ਮਿਲੇਗਾ ਤਾਂ ਸੋਚ ਤੇਰਾ ਕੀ ਹਾਲ ਹੋਵੇਗਾ ? ਸੱਜਣਾ! ਅਜੇ ਵੀ ਵੇਲਾ ਈ। ਮੰਦੇ ਕੰਮ ਛੱਡ ਦੇ, ਚੰਗੇ ਕੰਮੀਂ ਲੱਗ ਜਾ। ਸੱਚੀ ਮੁੱਚੀ ਲੋਕਾਂ ਦਾ ਸੱਜਣ ਬਣ, ਹਰ ਕਿਸੇ ਦਾ ਭਲਾ ਕਰ। ਰੱਬ ਦਾ ਨੇਕ ਬੰਦਾ ਬਣ।"

ਗੁਰੂ ਜੀ ਦੇ ਬਚਨਾਂ ਨੇ ਸੱਜਣ ਦਾ ਹਿਰਦਾ ਵਿੰਨ੍ਹ ਸੁੱਟਿਆ। ਉਹ ਬੜਾ ਸ਼ਰਮਿੰਦਾ ਹੋਇਆ। ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਕਹਿਣ ਲੱਗਾ "ਗੁਰੂ ਜੀ! ਮੈਂ ਭੁੱਲ ਗਿਆ ਹਾਂ, ਮੇਰੀਆਂ ਭੁੱਲਾਂ ਮਾਫ਼ ਕਰੋ, ਮੈਂ ਅੱਗੋਂ ਭੈੜੇ ਕੰਮ ਨਹੀਂ ਕਰਾਂਗਾ।"

ਗੁਰੂ ਜੀ ਨੇ ਉਸ ਨੂੰ ਰੱਬ ਦਾ ਨਾਮ ਜਪਣ, ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ। ਸੱਜਣ ਨੇ ਮੰਦੇ ਕੰਮ ਛੱਡ ਦਿੱਤੇ। ਹੁਣ ਉਹ

ਸੱਚੀਂ ਮੁੱਚੀਂ ਦਾ ਸੱਜਣ ਬਣ ਗਿਆ। ਗੁਰੂ ਜੀ ਦੀ ਆਗਿਆ ਮੰਨ ਕੇ ਉਸ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

**ਸਿਖਿਆ** : ਸਿੱਖ ਨੇ ਤਨੋਂ-ਮਨੋਂ ਧਰਮੀ ਬਣਨਾ ਹੈ; ਧਰਮੀ ਬਣਨ ਦਾ ਵਿਖਾਵਾ ਨਹੀਂ ਕਰਨਾ, ਭੇਖੀ ਨਹੀਂ ਬਣਨਾ। ਜਿਹੜੇ ਲੋਕ ਅੱਜ ਕੱਲ੍ਹ ਸਾਧਾਂ-ਸੰਤਾਂ ਵਾਲਾ ਸਰੂਪ ਬਣਾ ਕੇ, ਮਾਇਆ ਦੀ ਖਾਤਿਰ ਲੋਕਾਂ ਨੂੰ ਗੁਰੂ ਸਾਹਿਬਾਨ ਦੀ ਸਿਖਿਆ ਨਾਲੋਂ ਤੋੜ ਕੇ ਆਪਣੇ ਨਾਲ ਜੋੜ ਰਹੇ ਹਨ, ਅਸੀਂ ਉਨ੍ਹਾਂ ਦੇ ਜਾਲ ਵਿਚ ਨਹੀਂ ਫਸਣਾ।

## 7. ਹਰਿਦੁਆਰ

ਇਕ ਵਾਰ ਗੁਰੂ ਨਾਨਕ ਦੇਵ ਜੀ ਹਰਿਦੁਆਰ ਪਹੁੰਚੇ। ਹਰਿਦੁਆਰ ਨੂੰ ਹਿੰਦੂ ਆਪਣਾ ਵੱਡਾ ਤੀਰਥ ਮੰਨਦੇ ਹਨ। ਇਹ ਗੰਗਾ ਦੇ ਕੰਢੇ ਤੇ ਹੈ। ਹਿੰਦੂ ਲੋਕ ਮਰੇ ਹੋਏ ਪ੍ਰਾਣੀਆਂ ਦੀਆਂ ਹੱਡੀਆਂ ਗੰਗਾ ਵਿਚ ਪਾਉਂਦੇ ਹਨ। ਉਹ ਸਮਝਦੇ ਹਨ ਕਿ ਇਸ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ, ਪਰ ਇਹ ਉਹਨਾਂ ਦਾ ਭੁਲੇਖਾ ਤੇ ਵਹਿਮ ਹੀ ਹੈ।

ਜਦੋਂ ਗੁਰੂ ਜੀ ਇਥੇ ਪੁੱਜੇ ਤਾਂ ਵਿਸਾਖੀ ਦਾ ਮੇਲਾ ਲੱਗਾ ਹੋਇਆ ਸੀ। ਲੋਕੀਂ ਗੰਗਾ ਵਿਚ ਇਸ਼ਨਾਨ ਕਰ ਰਹੇ ਸਨ। ਬਹੁਤ ਸਾਰੇ ਲੋਕ ਦਰਿਆ ਵਿਚ ਖੜ੍ਹੇ ਹੋ ਕੇ ਚੜ੍ਹਦੇ ਪਾਸੇ (ਪੂਰਬ ਵੱਲ) ਸੂਰਜ ਵੱਲ ਪਾਣੀ ਦੇ ਬੁੱਕ ਸੁੱਟ ਰਹੇ ਸਨ। ਲੋਕ ਸਮਝਦੇ ਸਨ ਕਿ ਇਸ ਤਰ੍ਹਾਂ ਸੁੱਟਿਆ ਹੋਇਆ ਪਾਣੀ ਉਹਨਾਂ ਦੇ ਮਰ ਚੁੱਕੇ ਵੱਡੇ ਵਡੇਰਿਆਂ ਨੂੰ ਪਿਤਰ ਲੋਕ 'ਚ ਪਹੁੰਚ ਰਿਹਾ ਹੈ। ਇਹ ਉਹਨਾਂ ਦਾ ਗਲਤ ਵਿਸ਼ਵਾਸ ਸੀ, ਜਿਸ ਨੂੰ ਦੂਰ ਕਰਨ ਲਈ ਹੀ ਤਾਂ ਗੁਰੂ ਸਾਹਿਬ ਉਥੇ ਪੁੱਜੇ ਸਨ।

ਗੁਰੂ ਜੀ ਵੀ ਗੰਗਾ ਵਿਚ ਖੜ੍ਹੇ ਹੋ ਕੇ ਲਹਿੰਦੇ ਪਾਸੇ (ਪੱਛਮ ਵੱਲ) ਪਾਣੀ ਦੇ ਬੁੱਕ ਸੁੱਟਣ ਲੱਗੇ। ਲੋਕਾਂ ਵਾਸਤੇ ਇਹ ਇਕ ਨਵੀਂ ਤੇ ਅਨੋਖੀ ਗੱਲ ਸੀ। ਪਹਿਲਾਂ ਕਿਸੇ ਨੇ ਕਦੀ ਕਿਸੇ ਨੂੰ ਇਸ ਤਰ੍ਹਾਂ ਕਰਦਾ ਨਹੀਂ ਸੀ ਵੇਖਿਆ। ਲੋਕ ਗੁਰੂ ਜੀ ਦੇ ਦੁਆਲੇ ਆ ਇਕੱਠੇ ਹੋਏ। ਉਹਨਾਂ ਨੇ ਗੁਰੂ ਜੀ ਨੂੰ ਪੁੱਛਿਆ, "ਤੁਸੀਂ ਇਹ ਕੀ ਕਰਦੇ ਹੋ ? ਤੁਸੀਂ ਲਹਿੰਦੇ ਵੱਲ ਪਾਣੀ ਕਿਉਂ ਸੁੱਟਦੇ ਹੋ ?" ਗੁਰੂ ਜੀ ਨੇ ਉਹਨਾਂ ਦੀ ਗੱਲ ਅਣਸੁਣੀ ਕਰ ਦਿੱਤੀ ਤੇ ਦਬਾ ਦਬ ਲਹਿੰਦੇ ਪਾਸੇ ਪਾਣੀ ਸੁੱਟੀ ਗਏ। ਇਸ ਤਰ੍ਹਾਂ ਲੋਕਾਂ ਦਾ ਇਕੱਠ ਵਧਦਾ ਗਿਆ ਤੇ ਵੱਡੀ ਭੀੜ ਬਣ ਗਈ।

ਇਕ ਆਦਮੀ ਨੇ ਅਗਾਂਹ ਹੋ ਕੇ ਗੁਰੂ ਜੀ ਦੀ ਬਾਂਹ ਫੜ ਲਈ ਤੇ ਕਿਹਾ,

"ਤੁਸੀਂ ਪਾਣੀ ਕਿਧਰ ਸੁੱਟ ਰਹੇ ਹੋ ?" ਗੁਰੂ ਜੀ ਨੇ ਸਾਰਿਆਂ ਵੱਲ ਵੇਖਿਆ ਤੇ ਪੁੱਛਿਆ, "ਤੁਸੀਂ ਸਾਰੇ ਕਿਧਰ ਸੁੱਟ ਰਹੇ ਹੋ ?" ਲੋਕ ਕਹਿਣ ਲੱਗੇ, "ਅਸੀਂ ਤਾਂ ਚੜ੍ਹਦੇ ਵੱਲ (ਸੂਰਜ ਵੱਲ) ਮੂੰਹ ਕਰ ਕੇ ਆਪਣੇ ਮਰ ਚੁੱਕੇ ਵੱਡੇ ਵਡੇਰਿਆਂ ਨੂੰ ਪਾਣੀ ਦੇ ਰਹੇ ਹਾਂ।" ਗੁਰੂ ਜੀ ਨੇ ਪੁੱਛਿਆ, "ਉਹ ਵੱਡੇ ਵਡੇਰੇ ਕਿਥੇ ਹਨ ਤੇ ਇਥੋਂ ਕਿੰਨੀ ਦੂਰ ਹਨ ?" ਲੋਕਾਂ ਨੇ ਜੁਆਬ ਦਿੱਤਾ, "ਬੜੀ ਦੂਰ! ਲੱਖਾਂ ਕਰੋੜਾਂ ਮੀਲ ਦੂਰ।" ਫਿਰ ਗੁਰੂ ਜੀ ਨੇ ਲੋਕਾਂ ਨੂੰ ਦੱਸਿਆ ਕਿ "ਮੇਰੀ ਖੇਤੀ ਤਲਵੰਡੀ ਵਿਚ ਸੁੱਕ ਰਹੀ ਹੈ।ਉਹ ਥਾਂ ਇਥੋਂ ਕੇਵਲ ਸਾਢੇ ਤਿੰਨ ਸੌ ਮੀਲ ਦੀ ਵਿੱਥ ਤੇ ਹੈ।ਮੀਂਹ ਜੁ ਨਹੀਂ ਪਿਆ, ਮੈਂ ਉਸ ਨੂੰ ਪਾਣੀ ਦੇ ਰਿਹਾ ਹਾਂ।" ਇਹ ਕਹਿ ਕੇ ਉਹ ਫੇਰ ਲਹਿੰਦੇ ਵੱਲ ਪਾਣੀ ਸੁੱਟਣ ਲੱਗ ਪਏ।

ਲੋਕੀਂ ਖਿੜ-ਖਿੜ ਕੇ ਹੱਸੇ ਤੇ ਕਹਿਣ ਲੱਗੇ, "ਤੁਹਾਡੀ ਖੇਤੀ ਤਲਵੰਡੀ ਵਿਚ ਹੈ।ਇਥੋਂ ਸੁੱਟਿਆ ਪਾਣੀ ਐਡੀ ਦੂਰ ਕਿਸ ਤਰ੍ਹਾਂ ਅੱਪੜੇਗਾ ? ਪਾਣੀ ਤਾਂ ਇਥੇ ਹੀ ਡਿੱਗ ਰਿਹਾ ਹੈ ?"

ਗੁਰੂ ਜੀ ਨੇ ਉੱਤਰ ਦਿੱਤਾ, "ਜਿਵੇਂ ਤੁਹਾਡਾ ਸੁੱਟਿਆ ਪਾਣੀ, ਤੁਹਾਡੇ ਵੱਡੇ ਵਡੇਰਿਆਂ ਨੂੰ ਅਪੜੇਗਾ, ਉਵੇਂ ਹੀ ਮੇਰਾ ਪਾਣੀ ਤਲਵੰਡੀ ਪੁੱਜ ਜਾਵੇਗਾ।ਜੇ ਮੇਰਾ ਸੁੱਟਿਆ ਪਾਣੀ ਧਰਤੀ ਦੇ ਸਾਢੇ ਤਿੰਨ ਸੌ ਮੀਲ ਦੀ ਵਿੱਥ ਤੇ ਨਹੀਂ ਪਹੁੰਚ ਸਕਦਾ ਤਾਂ ਤੁਹਾਡਾ ਸੁੱਟਿਆ ਪਾਣੀ ਕਰੋੜਾਂ ਮੀਲਾਂ ਤੇ ਸੂਰਜ ਤੋਂ ਅੱਗੇ ਕਹੇ ਜਾਂਦੇ ਪਿਤਰ ਲੋਕ ਤਕ ਕਿਵੇਂ ਪਹੁੰਚ ਸਕੇਗਾ ?"

ਹੁਣ ਲੋਕੀਂ ਚੁੱਪ ਸਨ।ਉਹਨਾਂ ਨੂੰ ਆਪਣੀ ਗਲਤੀ ਦੀ ਸਮਝ ਆ ਗਈ ਸੀ।ਉਹ ਸਮਝ ਚੁੱਕੇ ਸਨ ਕਿ ਸਾਡਾ ਵਿਸ਼ਵਾਸ ਝੂਠਾ ਹੈ।ਮਰੇ ਹੋਏ ਵੱਡੇ ਵਡੇਰਿਆਂ ਨੂੰ ਪਾਣੀ ਦੇਣ ਵਾਲੀ ਗੱਲ ਝੂਠੀ ਹੈ।ਸੂਰਜ ਕੋਈ ਦੇਵਤਾ ਨਹੀਂ, ਗੁਰੂ ਜੀ ਨੇ ਠੀਕ ਹੀ ਦੱਸਿਆ ਹੈ।ਸਾਰੇ ਗੁਰੂ ਜੀ ਦੇ ਚਰਨੀਂ ਡਿੱਗੇ।ਗੁਰੂ ਜੀ ਨੇ ਸਭ ਨੂੰ ਸੱਚੇ ਧਰਮ ਦਾ ਰਾਹ ਦੱਸਿਆ ਕਿ ਇਕ ਪਰਮਾਤਮਾ ਦਾ ਸਿਮਰਨ ਕਰੋ, ਨੇਕ ਕੰਮ ਕਰੋ।ਗੁਰੂ ਜੀ ਨੇ ਇਹ ਵੀ ਸਮਝਾਇਆ ਕਿ ਪਿੱਤਰ ਲੋਕ ਨਾਮ ਦੀ ਕੋਈ ਚੀਜ਼ ਨਹੀਂ ਹੈ ਅਤੇ ਹੋਰਨਾਂ ਦਾ ਕੀਤਾ ਪਾਠ, ਦਾਨ-ਪੁੰਨ ਮਰ ਚੁੱਕੇ ਪ੍ਰਾਣੀ ਦਾ ਕੁਝ ਨਹੀਂ ਸੰਵਾਰ ਸਕਦਾ।ਇਸ ਜੀਵਨ ਵਿਚ ਕੀਤੇ ਭਲੇ ਕੰਮ ਹੀ ਮਨੁੱਖ ਦੇ ਕੰਮ ਆਉਂਦੇ ਹਨ।

**ਸਿਖਿਆ :** ਮੁਕਤੀ ਅਥਵਾ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਕਰਮ-ਕਾਂਡਾਂ ਨਾਲ ਨਹੀਂ ਹੋ ਸਕਦਾ।ਪ੍ਰਭੂ ਦੀ ਸਿਫ਼ਤ-ਸਲਾਹ ਅਤੇ ਨੇਕ ਕੰਮਾਂ ਦੁਆਰਾ ਹੀ ਜਨਮ-ਮਰਨ ਦੇ ਗੇੜ ਤੋਂ ਬਚ ਸਕੀਦਾ ਹੈ।

# 8. ਵੈਸ਼ਨੋ ਸਾਧ ਨੂੰ ਉਪਦੇਸ਼

ਗੁਰੂ ਨਾਨਕ ਦੇਵ ਜੀ ਸਿੱਖੀ ਦਾ ਪ੍ਰਚਾਰ ਕਰਦੇ ਹਰਿਦੁਆਰ ਪੁੱਜੇ। ਆਪ ਨੇ ਗੰਗਾ ਦੇ ਕੰਢੇ ਜਾ ਡੇਰਾ ਲਾਇਆ। ਗੁਰੂ ਸਾਹਿਬ ਤੋਂ ਥੋੜ੍ਹੀ ਹੀ ਦੂਰ ਇਕ ਵੈਸ਼ਨੋ ਸਾਧ ਦਾ ਡੇਰਾ ਸੀ। ਇਹ ਸਾਧ ਬਹੁਤ ਪਖੰਡ ਕਰਦਾ ਸੀ। ਲੋਕਾਂ ਤੇ ਆਪਣੇ ਧਰਮੀ ਹੋਣ ਦਾ ਭੁਲੇਖਾ ਪਾ ਰਿਹਾ ਸੀ। ਗੁਰੂ ਸਾਹਿਬ ਨੇ ਇਸ ਪਖੰਡੀ ਦਾ ਪਾਜ ਉਘੇੜਨਾ ਸੀ, ਇਸੇ ਲਈ ਉਸ ਦੇ ਨੇੜੇ ਡੇਰਾ ਲਾਇਆ ਸੀ।

ਦੂਜੇ ਦਿਨ ਸਵੇਰੇ ਸਾਧ ਨੇ ਇਸ਼ਨਾਨ ਕੀਤਾ। ਭੋਜਨ ਪਕਾਉਣ ਦੀ ਤਿਆਰੀ ਕਰਨ ਲੱਗਾ। ਚੌਂਕਾ ਤਿਆਰ ਕਰਨ ਲਈ ਗਾਂ ਦੇ ਗੋਹੇ ਦਾ ਪੋਚਾ ਫੇਰਿਆ। ਲੱਕੜੀਆਂ ਨੂੰ ਸੁੱਚੀਆਂ ਕਰਨ ਲਈ ਪਾਣੀ ਨਾਲ ਧੋਤਾ। ਚੌਂਕੇ ਦੇ ਆਲੇ-ਦੁਆਲੇ ਲਕੀਰ ਖਿੱਚ ਦਿੱਤੀ ਤਾਂ ਕਿ ਰਾਖਸ਼ ਅੰਨ ਦਾ ਰਸ ਨਾ ਲੈ ਜਾਣ। ਲੱਕੜਾਂ ਬਾਲ ਕੇ ਭੋਜਨ ਤਿਆਰ ਕਰਨ ਲੱਗਾ। ਉਹ ਚੌਂਕੇ ਦੀ ਪਵਿੱਤਰਤਾ ਨੂੰ ਹੀ ਧਰਮ ਸਮਝਦਾ ਸੀ ਤੇ ਆਪਣੇ ਆਪ ਨੂੰ ਬਹੁਤ ਵੱਡਾ ਧਰਮੀ।

ਗੁਰੂ ਜੀ ਨੇ ਸਾਧ ਦਾ ਭੁਲੇਖਾ ਦੂਰ ਕਰਨਾ ਸੀ ਤੇ ਲੋਕਾਂ ਨੂੰ ਸਮਝਾਉਣਾ ਸੀ ਕਿ ਇਹ ਧਰਮ ਨਹੀਂ, ਇਹ ਤਾਂ ਪਖੰਡ ਹੈ। ਇਸ ਲਈ ਭਾਈ ਮਰਦਾਨਾ ਜੀ ਨੂੰ ਜੋ ਉਹਨਾਂ ਦੇ ਨਾਲ ਸੀ, ਸਾਧ ਕੋਲੋਂ ਅੱਗ ਲੈਣ ਭੇਜਿਆ। ਭਾਈ ਮਰਦਾਨਾ ਜੀ ਨੇ ਸਾਧ ਕੋਲੋਂ ਅੱਗ ਮੰਗੀ। ਸਾਧ ਲੋਹਾ ਲਾਖਾ ਹੋ ਕੇ ਗਾਲ੍ਹਾਂ ਕੱਢਣ ਲੱਗ ਪਿਆ। ਸਾਧ, ਭਾਈ ਮਰਦਾਨੇ ਨੂੰ ਕਹਿਣ ਲੱਗਾ, "ਤੂੰ ਮੇਰਾ ਚੌਂਕਾ ਭਿੱਟ ਦਿੱਤਾ ਹੈ।" ਸਾਧ ਗੁੱਸੇ ਵਿਚ ਭਖਿਆ ਪਿਆ ਸੀ। ਉਹ ਅੱਗ ਦੀ ਚੁਆਤੀ ਲੈ ਕੇ ਭਾਈ ਮਰਦਾਨੇ ਦੇ ਪਿੱਛੇ ਦੌੜਿਆ। ਭਾਈ ਮਰਦਾਨਾ ਸਤਿਗੁਰੂ ਜੀ ਪਾਸ ਆ ਪੁੱਜਿਆ। ਮਗਰ ਮਗਰ ਸਾਧ ਵੀ ਪਹੁੰਚ ਗਿਆ।

ਗੁਰੂ ਨਾਨਕ ਸਾਹਿਬ ਨੇ ਪੁੱਛਿਆ, "ਸਾਧ ਜੀ! ਆਪ ਇਤਨੇ ਗੁੱਸੇ ਵਿਚ ਕਿਉਂ ਹੋ ?"

ਸਾਧ ਨੇ ਗੁੱਸੇ ਵਿਚ ਹੀ ਜੁਆਬ ਦਿੱਤਾ, "ਇਸ ਮਰਾਸੀ ਨੇ ਮੇਰਾ ਚੌਂਕਾ ਭਿੱਟ ਦਿੱਤਾ ਹੈ। ਇਸ ਦਾ ਪਰਛਾਵਾਂ ਮੇਰੇ ਚੌਂਕੇ ਉੱਤੇ ਪਿਆ ਹੈ। ਜਿਸ ਨਾਲ ਮੇਰਾ ਚੌਂਕਾ ਅਪਵਿੱਤਰ ਹੋ ਗਿਆ ਹੈ। ਇਹ (ਭਾਈ ਮਰਦਾਨਾ) ਸ਼ੂਦਰ ਹੈ, ਨੀਵੀਂ ਜ਼ਾਤ ਦਾ ਹੈ। ਇਸ ਲਈ ਮੇਰਾ ਜਨਮ ਭ੍ਰਿਸ਼ਟ ਹੋ ਗਿਆ ਹੈ।"

ਗੁਰੂ ਨਾਨਕ ਸਾਹਿਬ ਨੇ ਉੱਤਰ ਦਿੱਤਾ, "ਇਹ ਕਿਵੇਂ ਹੋ ਸਕਦਾ ਹੈ, ਭਾਈ ਮਰਦਾਨਾ ਤਾਂ ਤੇਰੇ ਵਰਗਾ ਮਨੁੱਖ ਹੀ ਹੈ। ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ।"

ਗੁਰੂ ਜੀ ਨੇ ਸਾਧੂ ਨੂੰ ਕਿਹਾ, "ਤੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖ, ਤੇਰੇ ਅੰਦਰ ਕਿੰਨੇ ਔਗੁਣ ਭਰੇ ਪਏ ਹਨ। ਤੇਰੇ ਹਿਰਦੇ ਵਿਚ ਦਇਆ ਨਹੀਂ, ਕ੍ਰੋਧ ਹੈ। ਤੇਰੇ ਅੰਦਰ ਪਿਆਰ ਨਹੀਂ, ਨਫ਼ਰਤ ਹੈ। ਤੇਰੇ ਅੰਦਰ ਸਰਬੱਤ ਦਾ ਭਲਾ ਨਹੀਂ, ਪਰਾਈ ਨਿੰਦਾ ਹੈ; ਉੱਚੀ ਸੁੱਚੀ ਮੱਤ ਨਹੀਂ, ਨੀਚ ਵਿਚਾਰ ਹਨ। ਜਦੋਂ ਤੇਰਾ ਹਿਰਦਾ ਇੰਨਾ ਮੈਲਾ ਹੈ ਤਾਂ ਪਰਮਾਤਮਾ ਨਾਲ ਪਿਆਰ ਕਿਵੇਂ ਹੋ ਸਕਦਾ ਹੈ ? ਕਿਸੇ ਨੂੰ ਮਾੜਾ ਨਾ ਸਮਝੋ। ਸਭ ਅੰਦਰ ਪਰਮਾਤਮਾ ਦੀ ਜੋਤ ਵੇਖਣ ਦੀ ਕੋਸ਼ਿਸ਼ ਕਰੋ। ਜੇ ਨਫ਼ਰਤ ਕਰਨੀ ਹੈ ਤਾਂ ਭੈੜੇ ਕੰਮਾਂ ਤੋਂ ਨਫ਼ਰਤ ਕਰੋ, ਕਿਸੇ ਬੰਦੇ ਤੋਂ ਨਹੀਂ।"

ਗੁਰੂ ਜੀ ਨੇ ਹੋਰ ਕਿਹਾ, "ਇਹ ਠੀਕ ਹੈ ਤੂੰ ਚੌਂਕਾ ਸੁੱਚਾ ਕਰ ਲਿਆ ਹੈ, ਲੱਕੜੀਆਂ ਧੋ ਲਈਆਂ ਹਨ, ਲਕੀਰ ਕੱਢ ਲਈ ਹੈ, ਪਰ ਇਸ ਦਾ ਕੀ ਫ਼ਾਇਦਾ ਜੇਕਰ ਮਨ ਪਵਿੱਤਰ ਨਹੀਂ ਕੀਤਾ। ਮਨ, ਤੀਰਥਾਂ ਤੇ ਇਸ਼ਨਾਨ ਕਰਨ ਨਾਲ ਸੁੱਚਾ ਨਹੀਂ ਹੁੰਦਾ। ਪਰਮਾਤਮਾ ਦੀ ਸਿਫ਼ਤ ਸਲਾਹ ਕਰਨ ਨਾਲ ਪਵਿੱਤਰ ਹੁੰਦਾ ਹੈ। ਸੱਚਾ ਆਚਰਨ ਬਣਾਉਣਾ ਹੀ ਚੌਂਕੇ ਦੁਆਲੇ ਲਕੀਰ ਕੱਢਣਾ ਹੈ।"

ਜਦੋਂ ਸਾਧੂ ਨੇ ਗੁਰੂ ਜੀ ਦੇ ਉੱਤਮ ਬਚਨ ਸੁਣੇ ਤਾਂ ਮਨ ਜਾਗ ਪਿਆ। ਸਮਝ ਆ ਗਈ ਕਿ ਸਾਰੇ ਔਗੁਣ ਮੇਰੇ ਅੰਦਰ ਹਨ। ਗੁਰੂ ਜੀ ਦੇ ਚਰਨੀਂ ਡਿੱਗ ਪਿਆ ਤੇ ਸਿੱਖੀ ਧਾਰਨ ਕੀਤੀ।

**ਸਿਖਿਆ** : ਜਨਮ ਕਰਕੇ ਕੋਈ ਨੀਚ ਨਹੀਂ। ਨੀਚ ਉਹ ਹੈ, ਜਿਸਦਾ ਮਨ ਵਿਕਾਰਾਂ, ਔਗੁਣਾਂ ਤੇ ਭੈੜੇ ਵਿਚਾਰਾਂ ਨਾਲ ਭਰਿਆ ਪਿਆ ਹੈ। ਅਜਿਹੇ ਵਿਕਾਰੀ ਮਨੁੱਖ ਪ੍ਰਮਾਤਮਾ ਨੂੰ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ।

## 9. ਕਲਿਯੁਗ ਪੰਡੇ ਨੂੰ ਉਪਦੇਸ਼

ਗੁਰੂ ਨਾਨਕ ਦੇਵ ਜੀ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਜਗਨਨਾਥ ਪੁਰੀ ਪਹੁੰਚੇ। ਇਥੇ ਇਕ ਕਲਿਜੁਗ ਨਾਮੀ ਪੰਡਤ ਰਹਿੰਦਾ ਸੀ। ਇਹ ਪੰਡਤ ਭੋਲੇ-ਭਾਲੇ ਲੋਕਾਂ ਨੂੰ ਠੱਗ ਰਿਹਾ ਸੀ। ਇਕ ਦਿਨ ਸਤਿਗੁਰਾਂ ਨੇ ਵੇਖਿਆ ਕਿ ਉਹ ਸਾਧਾਂ ਵਾਂਗ ਸਮਾਧੀ ਲਾ ਕੇ ਬੈਠਾ ਹੋਇਆ ਸੀ ਤੇ ਬਹੁਤ ਸਾਰੇ ਸ਼ਰਧਾਲੂ ਆਲੇ-ਦੁਆਲੇ ਜੁੜੇ ਹੋਏ ਸਨ। ਉਸਨੇ ਆਪਣੇ ਸਾਹਮਣੇ ਇਕ ਗੜਵਾ ਰੱਖਿਆ ਹੋਇਆ ਸੀ ਜਿਸ ਵਿਚ ਉਸ ਦੇ ਸ਼ਰਧਾਲੂ ਮਾਇਆ ਪਾ ਰਹੇ ਸਨ। ਇਹ ਪੰਡਾ ਕਦੇ ਅੱਖਾਂ ਬੰਦ ਕਰ ਲੈਂਦਾ ਸੀ ਅਤੇ ਕਦੇ ਖੋਹਲ ਲੈਂਦਾ ਸੀ। ਕਦੇ ਅੰਗੂਠੇ ਅਤੇ ਨਾਲ ਦੀਆਂ ਦੋ ਉਂਗਲਾਂ ਨਾਲ ਨੱਕ ਫੜ ਲੈਂਦਾ ਸੀ। ਕਦੇ ਕਹਿੰਦਾ ਕਿ ਮੈਨੂੰ ਸਵਰਗ ਵਿਚ ਭਗਵਾਨ ਦੇ

ਦਰਸ਼ਨ ਹੋ ਰਹੇ ਹਨ। ਕਦੀ ਉਹ ਬ੍ਰਹਮਪੁਰੀ ਦੀਆਂ ਗੱਲਾਂ ਕਰਦਾ, ਕਦੀ ਸ਼ਿਵ ਪੁਰੀ ਦੀਆਂ ਤੇ ਕਦੀ ਵਿਸ਼ਨੂੰ ਪੁਰੀ ਦੀਆਂ। ਪਰ ਇਹ ਸਭ ਧੋਖਾ ਸੀ। ਸ਼ਰਧਾਲੂ ਚੁੱਪ-ਚਾਪ ਉਸ ਦੀਆਂ ਗੱਲਾਂ ਸੁਣੀ ਜਾ ਰਹੇ ਸਨ, ਨਾਲੇ ਹੈਰਾਨ ਹੋ ਰਹੇ ਸਨ। ਫਿਰ ਪੰਡਾ ਕਹਿਣ ਲੱਗਾ, "ਤੁਸੀਂ ਵੀ ਅੱਖਾਂ ਬੰਦ ਕਰ ਕੇ ਸਵਰਗ ਦਾ ਧਿਆਨ ਕਰੋ। ਤੁਹਾਨੂੰ ਵੀ ਮੈਂ ਦਰਸ਼ਨ ਕਰਾਉਂਦਾ ਹਾਂ।"

ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਪੰਡਤ ਦਾ ਸਾਰਾ ਪਖੰਡ ਵੇਖ ਰਹੇ ਸਨ। ਉਹ ਜਾਣਦੇ ਸਨ ਕਿ ਪੰਡਤ ਲੋਕਾਂ ਨੂੰ ਮੂਰਖ ਬਣਾ ਰਿਹਾ ਹੈ। ਜਦੋਂ ਪਾਂਡੇ ਦੇ ਕਹਿਣ ਤੇ ਸਭ ਨੇ ਅੱਖਾਂ ਬੰਦ ਕਰ ਲਈਆਂ ਤਾਂ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਉਸ ਦਾ ਗੜਵਾ ਚੁੱਕ ਕੇ ਉਸ ਦੇ ਪਿੱਛੇ ਰੱਖ ਦੇਵੇ। ਭਾਈ ਮਰਦਾਨੇ ਨੇ ਇਸੇ ਤਰ੍ਹਾਂ ਕੀਤਾ।

ਕੁਝ ਦੇਰ ਬਾਅਦ ਜਦੋਂ ਪਾਂਡੇ ਨੇ ਅੱਖਾਂ ਖੋਹਲੀਆਂ ਤਾਂ ਕੀ ਵੇਖਿਆ ਕਿ ਗੜਵਾ ਗੁੰਮ ਹੈ। ਉਸ ਨੇ ਬੜਾ ਰੌਲਾ ਪਾਇਆ। ਬੜੇ ਕ੍ਰੋਧ ਵਿਚ ਆ ਕੇ ਪੁੱਛਣ ਲੱਗਾ, "ਮੇਰਾ ਗੜਵਾ ਕਿਸ ਨੇ ਚੁੱਕਿਆ ਹੈ ? ਸੰਤਾਂ ਨਾਲ ਮਸ਼ਕਰੀ ਕਰਨੀ ਠੀਕ ਨਹੀਂ। ਹਮ ਪੈਸੇ ਕਾ ਲਾਲਚ ਨਹੀਂ ਕਰਤੇ.....।" ਪਰ ਅਸਲ ਗੱਲ ਤਾਂ ਸੀ ਹੀ ਪੈਸੇ ਦੀ।

ਵੇਖਣ ਵਾਲੇ ਹੈਰਾਨ ਹੋ ਗਏ। ਪਾਂਡੇ ਦਾ ਰੌਲਾ ਸੁਣ ਕੇ ਹੋਰ ਲੋਕ ਇਕੱਠੇ ਹੋ ਗਏ। ਹੁਣ ਗੁਰੂ ਸਾਹਿਬ ਨੇ ਵੇਖਿਆ ਕਿ ਮੌਕਾ ਠੀਕ ਬਣ ਗਿਆ ਹੈ। ਗੁਰੂ ਜੀ ਨੇ ਪਾਂਡੇ ਨੂੰ ਆਖਿਆ, "ਪੰਡਤ ਜੀ! ਤੁਹਾਨੂੰ ਤਾਂ ਤਿੰਨਾਂ ਲੋਕਾਂ ਦੇ ਦਰਸ਼ਨ ਹੋ ਰਹੇ ਸਨ। ਤੁਸੀਂ ਤਾਂ ਭਗਵਾਨ ਦੇ ਦਰਸ਼ਨ ਕਰ ਰਹੇ ਸੀ। ਤੁਸੀਂ ਆਪ ਹੀ ਨਜ਼ਰ ਮਾਰੋ, ਸ਼ਾਇਦ ਕਿਤੇ ਗੜਵਾ ਨਜ਼ਰ ਆ ਜਾਵੇ।" ਗੁਰੂ ਜੀ ਦੀ ਇਹ ਗੱਲ ਸੁਣ ਕੇ ਪਾਂਡਾ ਹੋਰ ਵੀ ਕਲਪਿਆ। ਇਕੱਠੇ ਹੋਏ ਲੋਕਾਂ ਵਿਚੋਂ ਵੀ ਕੁਝ ਨੇ ਕਿਹਾ, "ਪੰਡਤ ਜੀ! ਤੁਹਾਡੀ ਨਜ਼ਰ ਸਵਰਗ ਤਕ ਜਾ ਸਕਦੀ ਹੈ ਤਾਂ ਤੁਹਾਨੂੰ ਗੜਵਾ ਕਿਉਂ ਨਹੀਂ ਨਜ਼ਰ ਆਉਂਦਾ ? ਪਾਂਡਾ ਸ਼ਰਮਸਾਰ ਹੋ ਰਿਹਾ ਸੀ। ਉਸਨੂੰ ਕੋਈ ਉੱਤਰ ਨਹੀਂ ਸੀ ਸੁਝ ਰਿਹਾ। ਲੋਕਾਂ ਨੂੰ ਪਾਂਡੇ ਦੇ ਸਾਰੇ ਪਖੰਡ ਦੀ ਸਮਝ ਆ ਚੁੱਕੀ ਸੀ। ਗੁਰੂ ਜੀ ਨੇ ਪੰਡਤ ਦੇ ਪਖੰਡ ਨੂੰ ਹੋਰ ਚੰਗੀ ਤਰ੍ਹਾਂ ਉਘਾੜਿਆ ਤੇ ਦੱਸਿਆ, ਗੜਵਾ ਤਾਂ ਉਸ ਦੇ ਪਿੱਛੇ ਪਿਆ ਹੈ।

ਗੁਰੂ ਜੀ ਨੇ ਲੋਕਾਂ ਨੂੰ ਉਪਦੇਸ਼ ਦਿੱਤਾ, "ਜਿਹੜੇ ਪਖੰਡੀ, ਅੱਖ, ਨੱਕ, ਕੰਨ ਆਦਿ ਬੰਦ ਕਰਕੇ ਲੋਕਾਂ ਨੂੰ ਠੱਗਣ ਲਈ ਸਮਾਧੀ ਲਾਉਣ ਦਾ ਬਹਾਨਾ ਕਰਦੇ ਹਨ, ਉਹਨਾਂ ਤੇ ਬਿਲਕੁਲ ਵਿਸ਼ਵਾਸ ਨਾ ਕਰੋ। ਐਸੇ ਬੰਦੇ ਪ੍ਰਮਾਤਮਾ ਦੇ ਸੰਤ ਨਹੀਂ ਹਨ, ਸਗੋਂ ਠੱਗ ਹਨ।"

ਗੁਰੂ ਜੀ ਦਾ ਪਵਿੱਤਰ ਉਪਦੇਸ਼ ਸੁਣ ਕੇ ਕਲਿਯੁਗ ਪੰਡਾ ਗੁਰੂ ਜੀ ਦੇ ਚਰਨੀਂ ਡਿੱਗਾ ਅਤੇ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਉਸਨੂੰ ਸਿੱਖ ਧਰਮ ਦਾ ਉਪਦੇਸ਼ ਦੇ ਕੇ ਪ੍ਰਚਾਰਕ ਥਾਪਿਆ।

**ਸਿਖਿਆ** : ਸਾਨੂੰ ਗੁਰੂ ਸਾਹਿਬ ਦੀ ਬਾਣੀ ਅਨੁਸਾਰ ਸਾਰੇ ਕੰਮ ਕਰਨੇ ਚਾਹੀਦੇ ਹਨ। ਜੋ ਪਖੰਡੀ ਸਾਧ, ਕਲਿਯੁਗ ਪਾਂਡੇ ਵਾਂਗ ਸਮਾਧੀਆਂ ਲਾ ਕੇ ਪਖੰਡ ਕਰਦੇ ਹਨ, ਸਾਨੂੰ ਉਹਨਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

## 10. ਸ੍ਰੀ ਗੁਰੂ ਅੰਗਦ ਦੇਵ ਜੀ

ਗੁਰੂ ਜੀ ਦੇ ਹੁਕਮ ਨੂੰ ਮੰਨਣ ਨਾਲ ਇਕ ਮਾਮੂਲੀ ਇਨਸਾਨ ਵੀ ਮਹਾਨ ਬਣ ਸਕਦਾ ਹੈ, ਇਸ ਦਾ ਪਤਾ ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਤੋਂ ਲਗਦਾ ਹੈ। ਆਪ ਜੀ ਦਾ ਪਹਿਲਾ ਨਾਮ ਭਾਈ ਲਹਿਣਾ ਜੀ ਸੀ। ਆਪ ਜੀ ਦਾ ਜਨਮ 31 ਮਾਰਚ, ਸੰਨ 1504 ਨੂੰ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ 'ਫੇਰੂ ਮੱਲ' ਜੀ ਅਤੇ ਮਾਤਾ ਦਾ ਨਾਮ 'ਦਇਆ ਕੌਰ' ਜੀ ਸੀ। ਸੰਨ 1519 ਵਿਚ ਆਪ ਜੀ ਦਾ ਵਿਆਹ ਦੇਵੀ ਚੰਦ ਦੀ ਸਪੁੱਤਰੀ 'ਮਾਤਾ ਖੀਵੀ' ਜੀ, ਨਾਲ ਹੋਇਆ। ਮਾਤਾ ਖੀਵੀ ਜੀ ਦੀ ਕੁੱਖੋਂ ਦੋ ਪੁੱਤਰ 'ਦਾਤੂ ਜੀ ਅਤੇ ਦਾਸੂ ਜੀ' ਤੇ ਦੋ ਧੀਆਂ 'ਬੀਬੀ ਅਮਰੋ ਅਤੇ ਬੀਬੀ ਅਨੋਖੀ' ਪੈਦਾ ਹੋਈਆਂ।

ਭਾਈ ਲਹਿਣਾ ਜੀ ਪਹਿਲਾਂ ਦੇਵੀ ਦੇ ਪੁਜਾਰੀ ਸਨ। ਹਰ ਸਾਲ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ, ਪਰ ਵਾਹਿਗੁਰੂ ਬਾਰੇ ਉਹਨਾਂ ਦੀ ਸੋਝੀ ਨਹੀਂ ਸੀ।

ਇਕ ਵਾਰ ਉਹਨਾਂ ਨੇ ਗੁਰੂ ਜੀ ਦੇ ਇਕ ਸਿੱਖ 'ਭਾਈ ਜੋਧ ਜੀ' ਕੋਲੋਂ ਗੁਰੂ ਜੀ ਦੀ ਬਾਣੀ ਸੁਣੀ। ਬਾਣੀ ਭਾਈ ਲਹਿਣਾ ਜੀ ਨੂੰ ਬੜੀ ਮਿੱਠੀ ਲੱਗੀ। ਮਨ ਵਿਚ ਖੇੜਾ ਆ ਗਿਆ। ਮਨ ਵਿਚ ਖਿਆਲ ਆਇਆ ਕਿ ਜਿਸ ਗੁਰੂ ਜੀ ਦੀ ਇਹ ਬਾਣੀ ਇਤਨੀ ਮਿੱਠੀ ਤੇ ਸੱਚੀ ਹੈ ਉਹਨਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ।

ਕੁਝ ਸਮੇਂ ਬਾਅਦ ਜਦੋਂ ਭਾਈ ਲਹਿਣਾ ਜੀ ਦੇਵੀ ਦਰਸ਼ਨਾਂ ਨੂੰ ਜਾ ਰਹੇ ਸਨ, ਰਸਤੇ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਗਏ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਤੇ ਉਹਨਾਂ ਦੇ ਸੁੰਦਰ ਉਪਦੇਸ਼ ਸੁਣਨ ਨਾਲ ਭਾਈ ਲਹਿਣਾ ਜੀ ਦੇ ਮਨ ਨੂੰ ਸ਼ਾਂਤੀ ਆ ਗਈ। ਮਨ ਅਜਿਹਾ ਪ੍ਰਸੰਨ ਹੋਇਆ, ਕਿ ਦੇਵੀ ਕੋਲ ਜਾਣਾ ਭੁੱਲ ਗਏ। ਗੁਰੂ ਨਾਨਕ ਜੀ ਦੇ ਹੀ ਹੋ ਕੇ ਰਹਿ ਗਏ।

ਗੁਰੂ ਜੀ ਪਾਸ ਕਰਤਾਰਪੁਰ ਰਹਿ ਕੇ ਬਾਣੀ ਦਾ ਅਨੰਦ ਮਾਣਨ ਲੱਗੇ। ਬਾਣੀ ਪੜ੍ਹਨ ਨਾਲ ਵਾਹਿਗੁਰੂ ਬਾਰੇ ਸਮਝ ਆਉਣ ਲੱਗੀ। ਸੱਚੀਆਂ ਗੱਲਾਂ ਦਾ ਪਤਾ ਲੱਗਣ ਲੱਗ ਪਿਆ, ਮਨ ਦੇ ਭੁਲੇਖੇ ਦੂਰ ਹੋਣ ਲੱਗੇ। ਸੋਝੀ ਆ ਗਈ ਕਿ ਦੇਵੀ ਵਿਚ ਕੋਈ ਤਾਕਤ ਨਹੀਂ। ਗੁਰੂ ਸਮਰੱਥ ਹੈ। ਗੁਰੂ ਹੀ ਸਭ ਕੁਝ ਕਰ ਸਕਦਾ ਹੈ। ਦੇਵੀ ਦੀਆਂ ਭੇਟਾਂ, ਉਹਨਾਂ ਨੂੰ ਵਿਅਰਥ ਲੱਗਣ ਲੱਗੀਆਂ। ਹੁਣ ਉਹ ਬਾਣੀ ਪੜ੍ਹਦੇ ਸਨ। ਗੁਰੂ ਜੀ ਉਪਦੇਸ਼ ਸੁਣਦੇ ਤੇ ਹਰ ਹੁਕਮ ਮੰਨਣ ਲਈ ਤਿਆਰ ਰਹਿੰਦੇ ਸਨ। ਇੰਝ ਭਾਈ ਲਹਿਣਾ ਜੀ ਗੁਰੂ ਜੀ ਦੇ ਪਿਆਰੇ ਸਿੱਖ ਬਣ ਗਏ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੇ ਕਈ ਇਮਤਿਹਾਨ ਲਏ। ਭਾਈ ਲਹਿਣਾ ਜੀ ਹਰ ਇਮਤਿਹਾਨ ਵਿਚੋਂ ਪਾਸ ਹੋਏ, ਭਾਵੇਂ ਗੁਰੂ ਜੀ ਦੇ ਆਪਣੇ ਪੁੱਤਰ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਤੇ ਹੋਰ ਸਿੱਖ ਇਨ੍ਹਾਂ ਇਮਤਿਹਾਨਾਂ ਵਿਚ ਪੂਰੇ ਨਾ ਉਤਰ ਸਕੇ। ਇਮਤਿਹਾਨਾਂ ਦੀਆਂ ਕੁਝ ਕੁ ਘਟਨਾਵਾਂ ਇਸ ਪ੍ਰਕਾਰ ਹਨ :

(1) ਗੁਰੂ ਜੀ ਦੇ ਕਹਿਣ ਤੇ ਚਿੱਕੜ ਵਿਚੋਂ ਕਟੋਰਾ ਕੱਢ ਕੇ ਲਿਆਂਦਾ, ਭਾਵੇਂ ਕਿ ਆਪ ਨੇ ਬਹੁਤ ਕੀਮਤੀ ਵਸਤਰ ਪਹਿਨੇ ਹੋਏ ਸਨ।

(2) ਚਿੱਕੜ ਨਾਲ ਭਰੀਆਂ ਘਾਹ (ਨਦੀਣ) ਦੀਆਂ ਪੰਡਾਂ ਸਿਰ ਤੇ ਚੁੱਕ ਕੇ ਲਿਆਂਦੀਆਂ।

(3) ਧਰਮਸ਼ਾਲਾ ਵਿਚੋਂ ਮਰੀ ਹੋਈ ਚੂਹੀ ਚੁੱਕ ਕੇ ਬਾਹਰ ਸੁੱਟੀ। ਇਹ ਕੰਮ ਅਖੌਤੀ ਨੀਚ ਬੰਦਿਆਂ ਦਾ ਸਮਝਿਆ ਜਾਂਦਾ ਸੀ। ਇਸ ਲਈ ਗੁਰੂ ਜੀ ਦੇ ਪੁੱਤਰਾਂ ਨੇ ਸਾਫ਼ ਮਨ੍ਹਾ ਕਰ ਦਿੱਤਾ ਸੀ।

(4) ਸਿਆਲ ਦੀ ਰੁੱਤੇ, ਰਾਤ ਨੂੰ ਗੁਰੂ ਜੀ ਨੇ ਸਿੱਖਾਂ ਨੂੰ ਢੱਠੀ ਕੰਧ ਉਸਾਰਨ ਦਾ ਹੁਕਮ ਕੀਤਾ। ਪਰ ਠੰਢ ਕਾਰਨ, ਸਭ ਨਾਂਹ-ਨੁਕਰ ਕਰਦੇ ਰਹੇ। ਭਾਈ ਲਹਿਣਾ ਜੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਅੱਧੀ ਰਾਤ ਨੂੰ ਹੀ ਕੰਧ ਉਸਾਰਨੀ ਆਰੰਭ ਕਰ ਦਿੱਤੀ।

(5) ਇਸੇ ਤਰ੍ਹਾਂ ਹੀ ਗੁਰੂ ਜੀ ਨੇ ਆਪਣੇ ਪੁੱਤਰਾਂ ਨੂੰ ਸਿਆਲ ਦੇ ਦਿਨਾਂ ਵਿਚ ਅੱਧੀ ਰਾਤ ਨੂੰ ਵਸਤਰ ਧੋਣ ਦਾ ਹੁਕਮ ਦਿੱਤਾ, ਪਰ ਉਨ੍ਹਾਂ ਨਾਂਹ ਕਰ ਦਿੱਤੀ। ਭਾਈ ਲਹਿਣਾ ਜੀ ਨੇ ਉਸੇ ਵੇਲੇ ਹੀ ਵਸਤਰ ਧੋ ਦਿੱਤੇ।

(6) ਇਕ ਵਾਰ ਆਪ ਗੁਰੂ ਸਾਹਿਬ ਦੇ ਕਹਿਣ ਉੱਤੇ ਮੁਰਦਾ ਖਾਣ ਨੂੰ ਵੀ ਤਿਆਰ ਹੋ ਗਏ।

ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਤੇ ਬਹੁਤ ਪ੍ਰਸੰਨ ਹੋਏ, ਕਿਉਂਕਿ ਭਾਈ ਜੀ ਨੇ ਮਨਮੱਤ ਦਾ ਤਿਆਗ ਕਰਨ ਤੇ ਗੁਰਮਤਿ ਨੂੰ ਅਪਨਾਉਣ ਵਿਚ ਜ਼ਰਾ ਢਿੱਲ ਨਹੀਂ ਸੀ ਲਾਈ ਤੇ ਗੁਰੂ ਜੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਅੰਗ ਲਾਇਆ ਤੇ ਭਾਈ ਲਹਿਣਾ ਤੋਂ ਗੁਰੂ ਅੰਗਦ ਸਾਹਿਬ ਬਣਾ ਦਿੱਤਾ। ਗੁਰਿਆਈ ਬਖਸ਼ ਦਿੱਤੀ। ਸਾਰੀਆਂ ਸੰਗਤਾਂ ਦੇ ਸਾਹਮਣੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ, ਬਾਣੀ ਦੀ ਪੋਥੀ ਵੀ ਉਨ੍ਹਾਂ ਨੂੰ ਦੇ ਦਿੱਤੀ ਤੇ ਆਪ (ਗੁਰੂ ਨਾਨਕ ਦੇਵ ਜੀ) ਸਤੰਬਰ ਸੰਨ 1539 ਵਿਚ ਜੋਤੀ ਜੋਤ ਸਮਾ ਗਏ।

ਗੁਰੂ ਬਣਨ ਮਗਰੋਂ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ ਤੇ ਇਥੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਪਾਈਆਂ ਲੀਹਾਂ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ ਲੰਗਰ ਦੀ ਮਰਯਾਦਾ ਚਾਲੂ ਰੱਖੀ, ਜਿਸਦੀ ਦੇਖ ਭਾਲ ਉਨ੍ਹਾਂ ਦੀ ਪਤਨੀ ਮਾਤਾ ਖੀਵੀ ਜੀ ਕਰਦੇ ਸਨ। ਲੰਗਰ ਵਿਚ ਦੁੱਧ ਤੇ ਘਿਉ ਵਿਚ ਬਣੀ ਖੀਰ ਵਰਤਾਈ ਜਾਂਦੀ ਸੀ।

ਆਪ ਜੀ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਨੂੰ ਲਿਖਵਾਇਆ। ਗੁਰਮੁਖੀ (ਪੰਜਾਬੀ) ਦੇ ਪ੍ਰਚਾਰ ਲਈ ਵਿਸ਼ੇਸ਼ ਯਤਨ ਕੀਤੇ। ਗੁਰਮੁਖੀ ਦੇ ਕਾਇਦੇ (ਬਾਲ ਬੋਧ) ਲਿਖਵਾ ਕੇ ਬੱਚਿਆਂ ਵਿਚ ਵੰਡੇ। ਆਪ ਨੇ ਗੁਰਬਾਣੀ ਦੇ ਗੁਟਕੇ ਵੀ ਲਿਖਵਾ ਕੇ ਦੂਰ-ਦੂਰ ਸੰਗਤਾਂ ਵਿਚ ਭੇਜੇ।

ਆਪ ਜਿਥੇ ਨਾਮ-ਬਾਣੀ ਦੇ ਪ੍ਰਚਾਰ ਨਾਲ ਸਿੱਖਾਂ ਦੇ ਮਨ ਬਲਵਾਨ ਬਣਾ ਰਹੇ ਸਨ, ਉਥੇ ਸਰੀਰ ਤਕੜੇ ਬਣਾਉਣ ਲਈ 'ਮੱਲ ਅਖਾੜਾ' ਕਾਇਮ ਕੀਤਾ। ਆਪ ਬੱਚਿਆਂ ਨੂੰ ਖੇਡਾਂ ਖਿਡਾਉਂਦੇ ਅਤੇ ਨੌਜੁਆਨਾਂ ਨੂੰ ਘੋਲ-ਘੁਲਾਉਂਦੇ ਤੇ ਵਰਜ਼ਿਸ਼ਾਂ ਕਰਵਾਉਂਦੇ।

ਸ਼ੇਰ ਸ਼ਾਹ ਸੂਰੀ ਤੋਂ ਮਾਰ ਖਾ ਕੇ ਹਮਾਯੂੰ ਖਡੂਰ ਸਾਹਿਬ ਹੀ ਆਪ ਦੇ ਦਰਸ਼ਨਾਂ ਨੂੰ ਆਇਆ ਸੀ। ਆਪ ਮੱਲ ਅਖਾੜੇ ਵਿਚ ਜੁਆਨਾਂ ਦੀਆਂ ਕੁਸ਼ਤੀਆਂ ਵੇਖ ਰਹੇ ਸਨ। ਹਮਾਯੂੰ ਵੱਲ ਧਿਆਨ ਨਾ ਦਿੱਤਾ। ਇਸ ਨੂੰ ਨਿਰਾਦਰੀ ਜਾਣ ਕੇ ਉਹ ਕ੍ਰੋਧ ਵਿਚ ਆ ਗਿਆ ਤੇ ਕ੍ਰਿਪਾਨ ਸੂਤਣ ਲੱਗਾ ਤਾਂ ਗੁਰੂ ਜੀ ਨੇ ਸ਼ਾਂਤ-ਚਿਤ, ਮੁਸਕਰਾ ਕੇ ਕਿਹਾ, "ਜਿਹੜੀ ਤਲਵਾਰ ਫ਼ਕੀਰਾਂ ਉੱਤੇ ਸੂਤੀ ਜਾ ਰਹੀ ਹੈ, ਇਹ ਸ਼ੇਰ ਸ਼ਾਹ ਸੂਰੀ ਵੇਲੇ ਕਿੱਥੇ ਸੀ ?" ਹਮਾਯੂੰ ਨੇ ਭੁੱਲ ਦੀ ਖਿਮਾਂ ਮੰਗੀ ਤੇ ਸਤਿਕਾਰ ਸਹਿਤ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਉਸ ਨੂੰ ਸੱਚ, ਧਰਮ ਅਤੇ ਨਿਆਂ ਉੱਤੇ ਚੱਲਣ ਦਾ ਉਪਦੇਸ਼ ਦਿੱਤਾ।

ਸੰਨ 1541 ਵਿਚ ਬਾਬਾ ਅਮਰ ਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ

ਵਿਚ ਆਏ। ਉਨ੍ਹਾਂ ਨੇ ਕਰਮ-ਕਾਂਡੀਆਂ ਵਾਲਾ ਜੀਵਨ ਤਿਆਗ ਕੇ ਸਿੱਖੀ ਧਾਰਨ ਕੀਤੀ। ਸੇਵਾ ਤੇ ਘਾਲ-ਕਮਾਈ ਨਾਲ ਗੁਰੂ ਜੀ ਦਾ ਮਨ ਜਿੱਤ ਲਿਆ।

ਬਾਬਾ ਅਮਰਦਾਸ ਜੀ ਨੇ ਸਿੱਖ ਧਰਮ ਨਾਲ ਖੁਣਸ ਖਾਣ ਵਾਲੇ ਸ਼ਿਵ ਨਾਥ ਤਪੇ ਦੀ ਅਸਲੀਅਤ ਸੰਗਤਾਂ ਸਾਹਮਣੇ ਜ਼ਾਹਿਰ ਕੀਤੀ।

ਗੁਰੂ ਅੰਗਦ ਦੇਵ ਜੀ ਦੇ ਹੁਕਮ ਕਰਨ ਤੇ ਬਾਬਾ ਅਮਰਦਾਸ ਜੀ ਨੇ ਸੰਨ 1546 ਵਿੱਚ ਗੋਇੰਦਵਾਲ ਨਗਰ ਵਸਾਉਣਾ ਆਰੰਭ ਕੀਤਾ।

ਗੁਰੂ ਜੀ ਨੇ ਸਿੱਖਾਂ ਨੂੰ ਕਿਰਤ ਕਰਨ ਦੀ ਅਮਲੀ ਸਿੱਖਿਆ ਦਿੱਤੀ। ਆਪ ਮੁੰਜ ਦਾ ਵਾਣ ਵੱਟਿਆ ਕਰਦੇ ਸਨ। ਇਸ ਤੋਂ ਸਿਵਾ ਆਪਣੇ ਗੁਜ਼ਾਰੇ ਲਈ ਦਾਤੂ ਤੇ ਦਾਸੂ ਜੀ ਦੀ ਹੱਟੀ ਤੋਂ ਵੀ ਕੁਝ ਮਾਇਆ ਲੈਂਦੇ ਸਨ। ਸਿੱਖਾਂ ਤੋਂ ਆਈ ਕਾਰ-ਭੇਟਾ ਦੀ ਵਰਤੋਂ ਸਾਂਝੇ ਕਾਰਜਾਂ ਲਈ ਹੀ ਕੀਤੀ ਜਾਂਦੀ ਸੀ।

ਆਪ ਨੇ ਗੁਰਿਆਈ ਦੀ ਜ਼ਿੰਮੇਵਾਰੀ 13 ਸਾਲ ਨਿਭਾਈ। ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ ਕੇ ਆਪ 29 ਮਾਰਚ ਸੰਨ 1552 ਨੂੰ ਜੋਤੀ-ਜੋਤਿ ਸਮਾ ਗਏ।

**ਸਿਖਿਆ** : ਗੁਰੂ ਦੀ ਸਿਖਿਆ (ਹੁਕਮ) ਮੰਨਣ ਵਾਲਾ ਮਨੁੱਖ ਹੀ ਗੁਰੂ ਦੀਆਂ ਨਜ਼ਰਾਂ ਵਿਚ ਪਰਵਾਨ ਚੜ੍ਹਦਾ ਹੈ। ਅਸੀਂ ਵੀ ਗੁਰਬਾਣੀ-ਗੁਰੂ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਅ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ।

## 11. ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ 5 ਮਈ ਸੰਨ 1479 ਨੂੰ ਹੋਇਆ। ਆਪ ਦੇ ਪਿਤਾ ਦਾ ਨਾਮ ਸ੍ਰੀ ਤੇਜਭਾਨ ਜੀ ਸੀ। ਆਪ ਦੀ ਮਾਤਾ ਦਾ ਨਾਮ ਸੁਲੱਖਣੀ ਜੀ ਸੀ। ਆਪ ਦਾ ਵਿਆਹ ਸ੍ਰੀ ਦੇਵੀ ਚੰਦ ਦੀ ਧੀ ਬੀਬੀ ਰਾਮ ਕੌਰ ਜੀ ਨਾਲ ਸੰਨ 1503 ਵਿਚ ਹੋਇਆ। ਉਨ੍ਹਾਂ ਦੀ ਕੁਖੋਂ ਦੋ ਪੁੱਤਰ ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਦੋ ਧੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਜੀ ਪੈਦਾ ਹੋਈਆਂ।

ਸ੍ਰੀ ਅਮਰਦਾਸ ਜੀ ਹਰ ਸਾਲ ਗੰਗਾ ਦੀ ਤੀਰਥ ਯਾਤਰਾ ਕਰਨ ਜਾਇਆ ਕਰਦੇ ਸਨ। ਆਪ ਨੇ 20 ਵਾਰ ਗੰਗਾ ਦੀ ਯਾਤਰਾ ਕੀਤੀ। ਇਕ ਵਾਰ ਆਪ ਯਾਤਰਾ ਤੋਂ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਇਕ ਵੈਸ਼ਨਵ ਸਾਧੂ ਆਪ ਦਾ ਸਾਥੀ ਬਣ ਗਿਆ। ਉਸ ਨੂੰ ਆਪਣੇ ਨਾਲ ਬਾਸਰਕੇ ਲੈ ਕੇ ਆਏ ਤੇ ਉਸ ਦੀ

ਬਹੁਤ ਸੇਵਾ ਕੀਤੀ। ਆਪ ਭੋਜਨ ਤਿਆਰ ਕਰਕੇ ਉਸ ਨੂੰ ਛਕਾਉਂਦੇ ਰਹੇ। ਇਕ ਦਿਨ ਉਸ ਨੇ ਆਪ ਪਾਸੋਂ ਪੁੱਛਿਆ ਕਿ ਆਪ ਦਾ ਗੁਰੂ ਕੌਣ ਹੈ ? ਆਪ ਨੇ ਉੱਤਰ ਦਿੱਤਾ ਕਿ ਅਸਾਂ ਅਜੇ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣ ਕੇ ਉਹ ਕਹਿਣ ਲੱਗਾ, "ਮੈਂ ਤੇਰੇ ਨਿਗੁਰੇ ਦੇ ਹੱਥੋਂ ਖਾਂਦਾ ਪੀਂਦਾ ਰਿਹਾ ਹਾਂ। ਮੇਰੇ ਸਾਰੇ ਵਰਤ ਨੇਮ, ਤੀਰਥ-ਇਸ਼ਨਾਨ, ਧਰਮ-ਕਰਮ ਨਸ਼ਟ ਹੋ ਗਏ ਹਨ। ਨਿਗੁਰੇ ਦਾ ਤਾਂ ਦਰਸ਼ਨ ਵੀ ਬੁਰਾ ਹੈ।" ਇਹ ਕਹਿ ਕੇ ਵੈਸ਼ਨੋ ਸਾਧੂ ਤੁਰਦਾ ਬਣਿਆ ਪਰ ਆਪ ਉੱਤੇ ਇਸ ਘਟਨਾ ਦਾ ਬਹੁਤ ਡੂੰਘਾ ਅਸਰ ਹੋਇਆ। ਆਪ ਦੇ ਮਨ ਵਿਚ ਗੁਰੂ ਧਾਰਨ ਕਰਨ ਦੀ ਤਾਂਘ ਪੈਦਾ ਹੋ ਗਈ। ਆਪ ਕਈ ਸੰਤਾਂ ਸਾਧੂਆਂ ਨੂੰ ਮਿਲੇ ਪਰ ਕਿਧਰੋਂ ਵੀ ਸ਼ਾਂਤੀ ਪ੍ਰਾਪਤ ਨਾ ਹੋਈ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ 'ਬੀਬੀ ਅਮਰੋ' ਸ੍ਰੀ ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਇਕ ਦਿਨ ਅੰਮ੍ਰਿਤ ਵੇਲੇ ਉਹ ਦੁੱਧ ਰਿੜਕ ਰਹੀ ਸੀ ਤੇ ਨਾਲੇ ਗੁਰਬਾਣੀ ਦਾ ਪਾਠ ਬੜੀ ਮਧੁਰ ਲੈਅ ਵਿਚ ਕਰ ਰਹੀ ਸੀ। ਬਾਬਾ ਅਮਰਦਾਸ ਜੀ ਧਿਆਨ ਨਾਲ ਸੁਣਨ ਲੱਗੇ, ਮਨ ਵਿਚ ਧੂਹ ਪਈ। ਦਿਲ ਵਿਚ ਤਾਂਘ ਉੱਠੀ ਕਿ ਜਿਸ ਮਹਾਂਪੁਰਸ਼ ਦੀ ਇਹ ਬਾਣੀ ਹੈ ਉਸ ਦੇ ਦਰਸ਼ਨ ਕਰੀਏ। ਉਹ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਖਡੂਰ ਸਾਹਿਬ ਪੁੱਜੇ; ਦਰਸ਼ਨ ਕੀਤੇ, ਚਰਨੀਂ ਲੱਗੇ, ਮਨ ਨੂੰ ਸ਼ਾਂਤੀ ਆਈ, ਸਿੱਖੀ ਦੀ ਦਾਤ ਪ੍ਰਾਪਤ ਕਰਕੇ ਨਿਹਾਲ ਹੋਏ। ਆਪ ਦੀ ਉਮਰ ਉਸ ਸਮੇਂ 62 ਸਾਲਾਂ ਦੀ ਸੀ ਤੇ ਗੁਰੂ ਅੰਗਦ ਦੇਵ ਜੀ ਦੀ 36 ਵਰ੍ਹੇ ਦੀ।

ਸਿੱਖੀ ਦੀ ਦਾਤ ਪ੍ਰਾਪਤ ਕਰਕੇ ਸ੍ਰੀ ਅਮਰਦਾਸ ਜੀ ਵਾਪਸ ਘਰ ਨਾ ਗਏ। ਖਡੂਰ ਸਾਹਿਬ ਟਿਕ ਕੇ ਗੁਰੂ ਸੰਗਤ ਦੀ, ਤਨ-ਮਨ ਦੁਆਰਾ ਸੇਵਾ ਕਰਨੀ ਆਰੰਭ ਦਿੱਤੀ। ਆਪ ਨੇ ਅੱਧੀ ਰਾਤ ਉੱਠ ਕੇ, ਪਹਿਲੇ ਆਪ ਇਸ਼ਨਾਨ ਕਰਨਾ ਫਿਰ ਆਪਣੇ ਗੁਰੂ ਪਾਤਸ਼ਾਹ ਦੇ ਇਸ਼ਨਾਨ ਲਈ ਜਲ ਭਰ ਕੇ ਲਿਆਉਣਾ ਤੇ ਗੁਰੂ ਅੰਗਦ ਸਾਹਿਬ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਣਾ। ਇਹ ਆਪ ਦੀ ਨਿੱਤ ਦੀ ਕਾਰ ਬਣ ਗਈ ਸੀ। ਕਈ ਵਾਰੀ ਹਨੇਰੇ ਵਿਚ ਬਿਰਧ ਸਰੀਰ ਹੋਣ ਕਰਕੇ ਠੇਡੇ ਵੀ ਲੱਗੇ, ਪ੍ਰੇਮ ਦੀ ਸਾਰ ਨਾ ਜਾਣਨ ਵਾਲਿਆਂ ਨੇ ਉਹਨਾਂ ਠੇਡਿਆਂ ਉੱਤੇ ਕਈ ਵਾਰ ਹਾਸਾ ਵੀ ਕੀਤਾ, ਪਰ ਲੋਕਾਂ ਦਾ ਕੋਈ ਹਾਸਾ ਮਖੌਲ ਆਪ ਨੂੰ ਆਪਣੇ ਪਿਆਰੇ ਗੁਰੂ ਦੀ ਸੇਵਾ ਤੋਂ ਹਟਾ ਨਾ ਸਕਿਆ।

ਇਸ਼ਨਾਨ ਕਰਾਉਣ ਦੀ ਸੇਵਾ ਤੋਂ ਵਿਹਲੇ ਹੋ ਕੇ ਆਪ ਦਿਨ ਰਾਤ ਲੰਗਰ ਦੀ ਸੇਵਾ ਵਿਚ ਲਾ ਦੇਂਦੇ। ਮੂੰਹ ਤੋਂ ਗੁਰੂ ਦੀ ਬਾਣੀ ਦਾ ਪਾਠ ਜਾਂ ਸਤਿਨਾਮ ਦਾ ਜਾਪ ਕਰਦੇ ਰਹਿੰਦੇ। ਹਰ ਸਮੇਂ ਗੁਰੂ ਜੀ ਦੇ ਹੁਕਮ ਨੂੰ ਮੰਨਣ ਲਈ ਤਤਪਰ

ਰਹਿੰਦੇ। ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਨੂੰ ਗੁਰਗੱਦੀ ਦੇ ਲਾਇਕ ਸਮਝ ਕੇ ਗੁਰਿਆਈ ਸੌਂਪ ਦਿੱਤੀ। ਹੁਣ ਆਪ, ਗੁਰੂ ਅਮਰਦਾਸ ਜੀ, ਸਿੱਖਾਂ ਦੇ ਤੀਸਰੇ ਗੁਰੂ ਬਣ ਗਏ। ਆਪ ਨੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਖਡੂਰ ਦੀ ਥਾਂ ਗੋਇੰਦਵਾਲ ਜਾ ਬਣਾਇਆ। ਇਹ ਨਗਰ ਬਿਆਸਾ ਦੇ ਕੰਢੇ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਆਪ ਨੇ ਹੀ ਵਸਾਇਆ ਸੀ।

ਗੁਰੂ ਅੰਗਦ ਸਾਹਿਬ ਦੇ ਪੁੱਤਰ ਦਾਤੂ ਜੀ ਤੇ ਦਾਸੂ ਜੀ ਗੁਰੂ ਅਮਰਦਾਸ ਜੀ ਨੂੰ ਮਿਲੀ ਗੁਰਿਆਈ ਨਾ ਸਹਾਰ ਸਕੇ। ਬੋਲ ਕਬੋਲ ਬੋਲਣ ਲੱਗੇ। ਦਾਤੂ ਜੀ ਨੇ ਆਪ ਨੂੰ ਲੱਤ ਵੀ ਮਾਰੀ ਪਰ ਆਪ ਜੀ ਉੱਠ ਕੇ ਉਨ੍ਹਾਂ ਦੇ ਚਰਨ ਘੁੱਟਣ ਲੱਗ ਪਏ ਤੇ ਕਹਿਣ ਲੱਗੇ : "ਮੇਰਾ ਬਿਰਧ ਸਰੀਰ ਸਖਤ ਹੈ, ਆਪ ਦੇ ਚਰਨ ਕੋਮਲ ਹਨ, ਇਨ੍ਹਾਂ ਨੂੰ ਸੱਟ ਲੱਗੀ ਹੋਵੇਗੀ।" ਫਿਰ ਆਪ ਬਾਸਰਕੇ ਪਹੁੰਚ ਕੇ ਇਕ ਕੋਠੇ ਵਿਚ ਬੈਠ ਸਿਮਰਨ ਕਰਨ ਲੱਗੇ, ਜਿਥੋਂ ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਜਾ ਲੱਭਿਆ ਤੇ ਬੇਨਤੀ ਕੀਤੀ ਕਿ ਸੰਗਤਾਂ ਨੂੰ ਦਰਸ਼ਨ ਦਿਉ। ਗੁਰੂ ਜੀ ਬਾਹਰ ਆਏ ਤੇ ਸੰਗਤਾਂ ਨਾਲ ਵਾਪਸ ਗੋਇੰਦਵਾਲ ਚਲੇ ਗਏ।

ਗੁਰੂ ਅਮਰਦਾਸ ਜੀ ਨੇ ਲੋਕਾਂ ਵਿਚੋਂ ਜ਼ਾਤ-ਪਾਤ, ਛੂਤ-ਛਾਤ ਨੂੰ ਬਿਲਕੁਲ ਖ਼ਤਮ ਕਰਨ ਲਈ ਹੁਕਮ ਕੀਤਾ ਕਿ ਜਿਹੜਾ ਵੀ ਸਾਡੇ ਦਰਸ਼ਨਾਂ ਲਈ ਆਵੇ ਉਹ ਲੰਗਰ ਵਿਚੋਂ ਪਰਸ਼ਾਦ ਜ਼ਰੂਰ ਛਕੇ। ਸਭ ਲੋਕ ਬਿਨਾਂ ਕਿਸੇ ਵਿਤਕਰੇ ਦੇ, ਜ਼ਾਤ-ਪਾਤ ਦਾ ਭੇਦ-ਭਾਵ ਖ਼ਤਮ ਕਰਕੇ ਇਕੋ ਪੰਗਤ ਵਿਚ ਬਹਿ ਕੇ ਪਰਸ਼ਾਦ ਛਕਦੇ। ਅਕਬਰ ਬਾਦਸ਼ਾਹ ਨੇ ਵੀ ਪੰਗਤ ਵਿਚ ਬਹਿ ਕੇ ਪਰਸ਼ਾਦ ਛਕਿਆ ਸੀ।

ਸਤੀ ਦੀ ਰਸਮ ਬੰਦ ਕਰਨ ਵੱਲ ਗੁਰੂ ਜੀ ਨੇ ਖ਼ਾਸ ਧਿਆਨ ਦਿੱਤਾ। ਇਸ ਰਸਮ ਅਨੁਸਾਰ ਇਸਤਰੀ ਨੂੰ ਆਪਣੇ ਮਰ ਗਏ ਪਤੀ ਦੀ ਚਿਖਾ ਵਿਚ ਪੈ ਕੇ ਜਿਉਂਦੇ ਸੜਨਾ ਪੈਂਦਾ ਸੀ। ਗੁਰੂ ਜੀ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਆਪ ਨੇ ਘੁੰਡ ਕੱਢਣ ਤੇ ਪਰਦੇ ਅੰਦਰ ਰਹਿਣ ਦੇ ਰਿਵਾਜ਼ ਨੂੰ ਵੀ ਦੂਰ ਕੀਤਾ। ਸੰਗਤ ਵਿਚ ਸਭ ਮਾਈਆਂ ਬੀਬੀਆਂ ਖੁੱਲ੍ਹੇ ਮੂੰਹ ਆਉਂਦੀਆਂ ਸਨ। ਮਰਨ ਤੋਂ ਮਗਰੋਂ ਬਹੁਤ ਸਾਰੀਆਂ ਭੈੜੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਗੁਰੂ ਜੀ ਨੇ ਸਭ ਖ਼ਤਮ ਕਰਵਾਈਆਂ। ਜਨਤਾ ਦੇ ਸੁਖ-ਅਰਾਮ ਤੇ ਸੁੱਚ ਭਿੱਟ ਦੇ ਵਹਿਮ ਨੂੰ ਦੂਰ ਕਰਨ ਲਈ ਗੋਇੰਦਵਾਲ ਵਿਖੇ ਇਕ ਸਾਂਝੀ ਬਾਉਲੀ ਬਣਵਾਈ।

ਗੁਰਸਿੱਖੀ ਦੇ ਪ੍ਰਚਾਰ ਦਾ ਪੱਕਾ ਪ੍ਰਬੰਧ ਕਰਨ ਲਈ ਆਪ ਨੇ ਸਾਰੇ ਇਲਾਕੇ ਨੂੰ 22 ਹਿੱਸਿਆਂ ਵਿਚ ਵੰਡਿਆ। ਹਰੇਕ ਹਿੱਸੇ ਲਈ ਇਕ ਮੁਖੀ ਸਿੱਖ ਪ੍ਰਚਾਰਕ ਥਾਪਿਆ ਗਿਆ, ਜਿਹਨਾਂ ਨੂੰ ਬਾਈ 'ਮੰਜੀਆਂ' ਦਾ ਨਾਂ ਦਿੱਤਾ। ਇਸ ਤੋਂ ਸਿਵਾ ਆਪ ਜੀ ਨੇ ਪਰਚਾਰ ਦੇ 52 ਉਪ-ਕੇਂਦਰ ਵੀ ਬਣਾਏ, ਜਿਨ੍ਹਾਂ ਨੂੰ 'ਪੀਹੜੇ'

ਕਿਹਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸਭ ਜਾਤਾਂ ਬਰਾਦਰੀਆਂ ਦੇ ਲੋਕ ਧੜਾਧੜ ਸਿੱਖ ਬਣ ਗਏ। ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਵੀ ਬਹੁਤ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਸਿੱਖ ਬਣ ਗਏ। ਆਪ ਨੇ ਬੀਬੀਆਂ ਨੂੰ ਵੀ ਪ੍ਰਚਾਰ ਦੀ ਸੇਵਾ ਵਿਚ ਲਾ ਦਿੱਤਾ।

ਆਪ ਜੀ ਨੇ ਆਪਣੀ ਸਪੁੱਤਰੀ ਬੀਬੀ ਦਾਨੀ ਜੀ ਦਾ ਵਿਆਹ ਭਾਈ ਰਾਮਾ ਨਾਮ ਦੇ ਸਧਾਰਨ ਸਿੱਖ ਨਾਲ ਕੀਤਾ ਅਤੇ ਬੀਬੀ ਭਾਨੀ ਲਈ ਘੁੰਙਣੀਆਂ ਵੇਚਣ ਵਾਲੇ ਯਤੀਮ ਗੱਭਰੂ ਸ੍ਰੀ ਜੇਠਾ ਜੀ ਨੂੰ ਬਿਨਾਂ ਕਿਸੇ ਜ਼ਾਤ-ਪਾਤ, ਊਚ-ਨੀਚ ਵਿਚਾਰਨ ਦੇ ਚੁਣਿਆ। ਸ੍ਰੀ ਜੇਠਾ ਜੀ ਨੇ ਪ੍ਰੇਮ, ਸੇਵਾ ਤੇ ਭਗਤੀ ਵਾਲੀ ਰਹਿਤ ਨਾਲ ਗੁਰੂ ਜੀ ਨੂੰ ਅਜਿਹਾ ਖ਼ੁਸ਼ ਕੀਤਾ ਕਿ ਉਹ ਗੁਰੂ ਅਮਰਦਾਸ ਜੀ ਨੂੰ ਭਾਅ ਗਏ। ਹਰ ਪ੍ਰੀਖਿਆ ਵਿਚ ਭਾਈ ਜੇਠਾ ਜੀ ਪੂਰੇ ਉਤਰੇ ਤੇ ਹਰ ਤਰ੍ਹਾਂ ਗੁਰਿਆਈ ਲਈ ਯੋਗ ਸਾਬਤ ਹੋਏ। ਪਹਿਲੀ ਸਤੰਬਰ, ਸੰਨ 1574 ਨੂੰ ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਅੱਗੇ ਮੱਥਾ ਟੇਕ ਕੇ ਜੋਤੀ ਜੋਤ ਸਮਾ ਗਏ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਰਾਮਦਾਸ ਸਾਹਿਬ ਬਣ ਗਏ।

**ਸਿਖਿਆ** : ਗੁਰੂ ਦੀ ਸੇਵਾ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਸੇਵਾ ਕਰਨ ਸਮੇਂ ਮਾਣ ਅਹੰਕਾਰ ਨੂੰ ਦਿਲੋਂ ਕੱਢ ਦੇਣਾ ਚਾਹੀਦਾ ਹੈ। ਤੀਰਥ ਇਸ਼ਨਾਨ ਮਨੁੱਖ ਨੂੰ ਸ਼ਾਂਤੀ ਤੇ ਖ਼ੁਸ਼ੀ ਨਹੀਂ ਦੇ ਸਕਦੇ। ਜ਼ਾਤ-ਪਾਤ ਦੀ ਸਿੱਖ ਧਰਮ ਵਿਚ ਮਨਾਹੀ ਹੈ, ਇਸ ਲਈ ਸਿੱਖਾਂ ਵਾਸਤੇ ਰਿਸ਼ਤੇ ਕਰਦੇ ਸਮੇਂ ਜ਼ਾਤ-ਪਾਤ ਪੁੱਛਣੀ ਗੁਰੂ ਦੇ ਹੁਕਮਾਂ ਦੇ ਉਲਟ ਚੱਲਣਾ ਹੈ। ਸਿੱਖ ਬੀਬੀਆਂ ਲਈ ਘੁੰਡ ਕੱਢ ਕੇ ਸੰਗਤ ਵਿਚ ਆਉਣਾ ਨਿਰੋਲ ਮਨਮੱਤ ਹੈ।

## 12. ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ (ਪਾਕਿਸਤਾਨ) ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿਖੇ 24 ਸਤੰਬਰ, ਸੰਨ 1534 ਨੂੰ ਹੋਇਆ। ਆਪ ਜੀ ਦੇ ਪਿਤਾ ਸ੍ਰੀ ਹਰਦਾਸ ਜੀ ਤੇ ਮਾਤਾ ਦਇਆ ਕੌਰ ਜੀ ਸਨ। ਆਪ ਕਿਉਂਕਿ ਮਾਤਾ-ਪਿਤਾ ਦੇ ਘਰ ਜੰਮੇ ਪਹਿਲੇ ਪੁੱਤਰ ਸਨ, ਇਸ ਲਈ ਪਲੇਠੀ ਦਾ ਪੁੱਤਰ ਹੋਣ ਕਰਕੇ ਸਭ ਆਪ ਨੂੰ ਜੇਠਾ ਕਰਕੇ ਸੱਦਣ ਲੱਗੇ, ਜਿਸ ਤੋਂ ਆਪ ਜੀ ਦਾ ਨਾਂ ਹੀ ਜੇਠਾ ਪ੍ਰਸਿੱਧ ਹੋ ਗਿਆ। ਆਪ ਅਜੇ ਬਹੁਤ ਹੀ ਛੋਟੀ ਉਮਰ ਦੇ ਸਨ ਕਿ ਆਪ ਦੀ ਮਾਤਾ ਜੀ ਚਲਾਣਾ ਕਰ ਗਏ। ਸੱਤ ਸਾਲ ਦੇ ਹੋਏ ਤਾਂ ਪਿਤਾ ਹਰਦਾਸ ਜੀ ਵੀ ਚੜ੍ਹਾਈ ਕਰ ਗਏ। ਆਪ ਦੇ ਨਾਨਕੇ ਪਿੰਡ ਬਾਸਰਕੇ ਸਨ। ਆਪ ਦੀ ਨਾਨੀ ਆਪ

ਨੂੰ ਪਿੰਡ ਬਾਸਰਕੇ ਲੈ ਆਈ। ਬਾਸਰਕੇ (ਗੁਰੂ) ਅਮਰਦਾਸ ਜੀ ਵੀ ਆਪ ਨੂੰ ਮਿਲੇ। ਧੀਰਜ ਤੇ ਹੌਂਸਲਾ ਦਿੱਤਾ।

ਬਾਸਰਕੇ ਆ ਕੇ ਆਪ ਨੇ ਛੋਟੀ ਉਮਰੇ ਘੁੰਙਣੀਆਂ (ਉਬਲੇ ਛੋਲੇ ਆਦਿ) ਵੇਚਣੀਆਂ ਆਰੰਭ ਕੀਤੀਆਂ। ਪੰਜ ਸਾਲ ਨਾਨੀ ਜੀ ਕੋਲ ਹੀ ਟਿਕੇ ਰਹੇ। ਸੰਨ 1546 ਵਿਚ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਗੋਇੰਦਵਾਲ ਵਸਾਇਆ ਤਾਂ ਆਪਣੇ ਕਈ ਸਾਕ ਅੰਗਾਂ ਨੂੰ ਗੋਇੰਦਵਾਲ ਲੈ ਆਏ। ਜੇਠਾ ਜੀ ਵੀ ਆਪਣੀ ਨਾਨੀ ਸਮੇਤ ਗੋਇੰਦਵਾਲ ਆ ਵਸੇ। ਉਸ ਸਮੇਂ ਆਪ ਦੀ ਉਮਰ 12 ਸਾਲ ਦੀ ਸੀ। ਗੋਇੰਦਵਾਲ ਆ ਕੇ ਘੁੰਙਣੀਆਂ ਵੇਚਣ ਦਾ ਕੰਮ ਜਾਰੀ ਰਿਹਾ। (ਗੁਰੂ) ਅਮਰਦਾਸ ਜੀ ਨਾਲ ਨੇੜਤਾ ਵਧਦੀ ਗਈ। ਸੰਨ 1552 ਵਿਚ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲੀ। ਸੰਨ 1553 ਵਿਚ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ ਕਰ ਦਿੱਤੀ।

ਆਪ ਜੀ ਦੀ ਉਮਰ ਉਸ ਸਮੇਂ 19 ਸਾਲ ਦੀ ਸੀ। ਬੀਬੀ ਭਾਨੀ ਜੀ ਦੀ ਕੁੱਖੋਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਤੇ ਗੁਰੂ ਅਰਜਨ ਸਾਹਿਬ ਪੈਦਾ ਹੋਏ।

ਜਦੋਂ ਗੁਰੂ ਅਮਰਦਾਸ ਜੀ ਵਿਰੁੱਧ ਗੋਇੰਦਵਾਲ ਦੇ ਤਪੇ ਤੇ ਕੁਝ ਜ਼ਾਤ ਅਭਿਮਾਨੀਆਂ ਦੇ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਤਾਂ ਗੁਰੂ ਅਮਰਦਾਸ ਜੀ ਦੇ ਕਹਿਣ ਤੇ (ਗੁਰੂ) ਰਾਮਦਾਸ ਜੀ ਅਕਬਰ ਕੋਲ ਗਏ ਤੇ ਅਕਬਰ ਨੂੰ ਸਿੱਖ ਧਰਮ ਦਾ ਆਦਰਸ਼ ਐਸੇ ਮਿੱਠੇ ਤੇ ਸੁਚੱਜੇ ਤਰੀਕੇ ਨਾਲ ਸਮਝਾਇਆ ਕਿ ਉਸ ਦੀ ਪੂਰੀ ਨਿਸ਼ਾ ਹੋ ਗਈ।

ਆਪ, ਗੁਰੂ ਅਮਰਦਾਸ ਜੀ ਦੇ ਭਾਵੇਂ ਰਿਸ਼ਤੇ ਵਜੋਂ ਜਵਾਈ ਲਗਦੇ ਸਨ ਪਰੰਤੂ ਸਭ ਦੁਨਿਆਵੀ ਰਿਸ਼ਤੇ ਭੁਲਾ ਕੇ ਗੁਰੂ ਦੇ ਸਿੱਖ ਹੋ ਕੇ ਸੇਵਾ ਕਰਦੇ ਰਹੇ। ਜਦੋਂ ਗੋਇੰਦਵਾਲ ਬਾਉਲੀ ਦੀ ਸੇਵਾ ਆਰੰਭ ਹੋਈ ਤਾਂ ਆਪ ਨੇ ਬਾਕੀ ਸਿੱਖਾਂ ਵਾਂਗ ਟੋਕਰੀ ਢੋਣ, ਗਾਰੇ ਅਤੇ ਮਿੱਟੀ ਚੂਨੇ ਆਦਿ ਦੀ ਸੇਵਾ ਦਾ ਕੰਮ ਕੀਤਾ। ਆਪ ਦੇ ਸ਼ਰੀਕਾਂ ਨੇ ਤਾਹਨੇ ਮਿਹਣੇ ਵੀ ਦਿੱਤੇ ਪਰ ਆਪ ਨੇ ਉਹਨਾਂ ਦੀ ਕੋਈ ਪਰਵਾਹ ਨਾ ਕੀਤੀ।

ਆਪ ਨੇ ਸੇਵਾ ਕਰ ਕੇ ਗੁਰੂ ਅਮਰਦਾਸ ਜੀ ਦਾ ਮਨ ਜਿੱਤ ਲਿਆ। ਸਿੱਖੀ ਆਸ਼ੇ ਨੂੰ ਪੂਰੀ ਤਰ੍ਹਾਂ ਸਮਝ ਲਿਆ ਤੇ ਆਪਣਾ ਜੀਵਨ ਸਿੱਖੀ ਦੇ ਸਾਂਚੇ ਵਿਚ ਢਾਲ ਲਿਆ। ਜਦੋਂ ਇਕ ਵਾਰ ਗੁਰੂ ਅਮਰਦਾਸ ਜੀ ਨੇ ਆਪ ਦੀ ਤੇ ਆਪਣੇ ਦੂਜੇ ਜਵਾਈ ਰਾਮਾ ਜੀ ਦੀ ਥੜ੍ਹੇ ਬਣਾਉਣ ਦੀ ਪ੍ਰੀਖਿਆ ਲਈ ਤਾਂ (ਗੁਰੂ) ਰਾਮਦਾਸ ਜੀ ਪ੍ਰੀਖਿਆ ਵਿਚੋਂ ਪਾਸ ਹੋ ਗਏ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਨੂੰ ਵਧਦਾ ਵੇਖ ਕੇ ਫੈਸਲਾ ਕੀਤਾ ਕਿ ਧਰਮ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਤੋਂ ਬਦਲਿਆ ਜਾਵੇ। ਸੰਨ 1570 ਵਿਚ ਮਾਝੇ ਵਿਚ ਥਾਂ ਪਸੰਦ ਕਰ ਕੇ (ਜਿਸ ਥਾਂ ਹੁਣ ਅੰਮ੍ਰਿਤਸਰ ਹੈ) ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰੂ ਕਾ ਚੱਕ ਵਸਾਣ ਦਾ ਕੰਮ ਸੌਂਪਿਆ। ਆਪ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ, ਫਿਰ ਨਗਰ ਦੀ ਨੀਂਹ ਰੱਖੀ, ਜਿਸ ਦਾ ਨਾਮ 'ਗੁਰੂ ਕਾ ਚੱਕ' ਰੱਖਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਬਾਅਦ ਵਿਚ ਪਿੰਡ ਦਾ ਨਾਂ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰਾ' ਰੱਖ ਦਿੱਤਾ।

ਗੁਰੂ ਅਮਰਦਾਸ ਜੀ ਨੇ ਅਗਸਤ ਸੰਨ 1574 ਵਿਚ ਸਾਰੀ ਸੰਗਤ ਤੇ ਆਪਣੇ ਪਰਿਵਾਰ ਦੇ ਸਾਹਮਣੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੇ ਦਿੱਤੀ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ ਤਾਂ ਆਪ ਵੈਰਾਗ ਵਿਚ ਬੋਲ ਉਠੇ, "ਪਾਤਸ਼ਾਹ! ਤੂੰ ਆਪ ਜਾਣਦਾ ਹੈਂ ਕਿ ਮੈਂ ਲਾਹੌਰ ਦੀਆਂ ਗਲੀਆਂ ਵਿਚ ਕੱਖਾਂ ਵਾਂਗ ਰੁਲਣ ਵਾਲਾ ਸੀ। ਮੇਰੀ ਯਤੀਮ ਦੀ ਬਾਂਹ ਫੜਨ ਲਈ ਕੋਈ ਤਿਆਰ ਨਹੀਂ ਸੀ। ਪਾਤਸ਼ਾਹ! ਇਹ ਤੇਰੀ ਹੀ ਮਿਹਰ ਹੈ ਕਿ ਤੂੰ ਮੇਰੇ ਵਰਗੇ ਕੀੜੇ ਨੂੰ ਪਿਆਰ ਨਾਲ ਤੱਕਿਆ ਤੇ ਮੈਨੂੰ ਯਤੀਮ ਨੂੰ ਅੱਜ ਅਰਸ਼ਾਂ ਤੇ ਅਪੜਾ ਦਿੱਤਾ ਹੈ।"

ਗੁਰੂ ਰਾਮਦਾਸ ਜੀ ਨੇ ਗੁਰੂ ਬਣਨ ਪਿਛੋਂ ਮਾਝੇ ਵਿਚ ਸਿੱਖੀ ਦੇ ਪ੍ਰਚਾਰ ਤੇ ਜ਼ੋਰ ਦਿੱਤਾ। ਆਪ ਨੇ ਮਸੰਦ ਸਿਸਟਮ ਕਾਇਮ ਕੀਤਾ। ਉੱਚੇ ਸੁੱਚੇ ਗੁਰਸਿੱਖ, ਮਸੰਦ ਦੀ ਸੇਵਾ ਨਿਭਾਉਣ ਲੱਗੇ। ਸੰਗਤਾਂ ਤੋਂ ਭੇਟਾ ਇਕੱਠੀ ਕਰ ਕੇ ਗੁਰੂ ਜੀ ਨੂੰ ਪਹੁੰਚਾਉਣੀ ਤੇ ਸਿੱਖੀ ਦਾ ਪ੍ਰਚਾਰ ਕਰਨਾ, ਮਸੰਦਾਂ ਦਾ ਕੰਮ ਸੀ।

ਗੁਰੂ ਕੇ ਚੱਕ ਵਿਖੇ ਆਪ ਨੇ ਵਸੋਂ ਕਰਾਉਣੀ ਆਰੰਭੀ। ਇਸ ਲਈ ਆਪ ਨੇ ਥਾਂ-ਥਾਂ ਤੋਂ ਵੱਖ-ਵੱਖ ਕੰਮਾਂ ਕਿੱਤਿਆਂ ਵਾਲੇ ਬੰਦੇ ਮੰਗਵਾ ਕੇ ਇਥੇ ਵਸਾਏ। ਹਰ ਤਰ੍ਹਾਂ ਦਾ ਕਾਰ ਵਿਹਾਰ ਗੁਰੂ ਕੇ ਚੱਕ ਵਿਖੇ ਹੋਣ ਲੱਗਾ। ਸੰਨ 1577 ਵਿਚ ਆਪ ਨੇ ਦੁਖ-ਭੰਜਨੀ ਬੇਰੀ ਦੇ ਪਾਸ ਇਕ ਤਲਾਅ (ਅੰਮ੍ਰਿਤਸਰ) ਖੁਦਵਾਇਆ, ਜਿਸ ਨੂੰ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ।

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ। ਸਭ ਤੋਂ ਵੱਡੇ ਬਾਬਾ ਪ੍ਰਿਥੀ ਚੰਦ ਜੀ ਪ੍ਰਬੰਧ ਕਰਨ ਵਿਚ ਨਿਪੁੰਨ, ਆਮਦਨ ਖਰਚ ਦਾ ਹਿਸਾਬ ਰੱਖਣ ਵਾਲੇ, ਆਏ ਗਏ ਦੀ ਸੰਭਾਲ ਕਰਨ ਵਾਲੇ, ਚੁਸਤ ਤੇ ਕਾਰ-ਵਿਹਾਰ ਵਿਚ ਬੜੇ ਯੋਗ ਸਨ, ਪਰ ਆਤਮਕ ਗੁਣਾਂ ਤੋਂ ਸੱਖਣੇ ਸਨ। ਦੂਸਰੇ ਪੁੱਤਰ ਮਹਾਂਦੇਵ ਜੀ ਰਮਤੇ ਸਾਧੂ ਸੁਭਾਅ ਦੇ ਮਾਲਕ ਤੇ ਉਪਰਾਮ ਰਹਿਣ ਵਾਲੇ ਸਨ, ਕਿਸੇ ਕੰਮ ਵਿਚ ਰੁਚੀ

ਨਹੀਂ ਸਨ ਰੱਖਦੇ। ਤੀਸਰੇ ਪੁੱਤਰ ਸ੍ਰੀ (ਗੁਰੂ) ਅਰਜਨ ਦੇਵ ਜੀ ਵਿਚ ਗੁਰਸਿੱਖਾਂ ਵਾਲੇ ਸਾਰੇ ਗੁਣ ਸਨ। ਉਹ ਹਰ ਤਰ੍ਹਾਂ ਨਾਲ ਲਾਇਕ ਸਨ। ਇਸ ਲਈ ਗੁਰੂ ਰਾਮਦਾਸ ਜੀ ਨੇ ਅਗਸਤ ਸੰਨ 1581 ਵਿਚ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ੀ ਤੇ ਆਪ 1 ਸਤੰਬਰ, ਸੰਨ 1581 ਨੂੰ ਜੋਤੀ ਜੋਤ ਸਮਾ ਗਏ।

# 13. ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, ਸੰਨ 1563 ਨੂੰ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। 11 ਸਾਲ ਦੀ ਉਮਰ ਤਕ ਗੋਇੰਦਵਾਲ ਹੀ ਰਹੇ। ਨਾਨਾ ਗੁਰੂ ਅਮਰਦਾਸ ਜੀ ਪਾਸੋਂ ਗੁਰਮਤਿ ਦੀ ਲਗਨ ਲੱਗੀ ਤੇ ਗੁਰਸਿੱਖੀ ਵਿਚ ਪ੍ਰਪੱਕ ਹੋਏ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਆਪ ਪਿਤਾ ਗੁਰੂ ਰਾਮਦਾਸ ਜੀ ਨਾਲ ਗੁਰੂ ਕੇ ਚੱਕ ਵਿਖੇ ਆ ਗਏ। 18 ਸਾਲ ਦੀ ਉਮਰ ਵਿਚ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਿਆਈ ਦੇ ਯੋਗ ਜਾਣ ਕੇ ਗੁਰਿਆਈ ਬਖਸ਼ ਦਿੱਤੀ ਤੇ ਨਾਲ ਹੀ ਗੁਰਬਾਣੀ ਦਾ ਸਾਰਾ ਖ਼ਜ਼ਾਨਾ, ਜੋ ਉਹਨਾਂ ਕੋਲ ਪਹਿਲੇ ਗੁਰੂ ਸਾਹਿਬ ਤੇ ਭਗਤਾਂ ਦੀ ਬਾਣੀ ਦਾ ਸੀ, ਉਹ ਵੀ ਬਖਸ਼ ਦਿੱਤਾ। ਇਸ ਤੇ ਬਾਬਾ ਪ੍ਰਿਥੀ ਚੰਦ ਨਾਰਾਜ਼ ਹੋ ਗਿਆ। ਉਹ ਵੱਡਾ ਹੋਣ ਕਰਕੇ ਗੁਰਿਆਈ ਤੇ ਆਪਣਾ ਹੱਕ ਸਮਝਦਾ ਸੀ।

1 ਸਤੰਬਰ, ਸੰਨ 1581 ਨੂੰ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ। ਦਸਤਾਰ-ਬੰਦੀ ਦੀ ਰਸਮ ਸਮੇਂ ਸੰਗਤਾਂ ਦਾ ਇਕੱਠ ਹੋਇਆ। ਭੱਟ ਵੀ ਦਰਸ਼ਨ ਕਰਨ ਆਏ। ਇਹਨਾਂ ਹਰੇਕ ਗੁਰੂ ਵਿਅਕਤੀ ਦੀ ਵਡਿਆਈ ਕੀਤੀ ਤੇ ਸਵੱਈਏ ਉਚਾਰਨ ਕੀਤੇ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ।

ਗੁਰੂ ਜੀ ਵਾਪਸ ਗੁਰੂ ਕੇ ਚੱਕ ਆ ਗਏ। ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ ਪਰ ਗੁਰੂ ਜੀ ਸ਼ਾਂਤ ਚਿੱਤ ਅਡੋਲ ਰਹੇ। ਅੰਮ੍ਰਿਤਸਰ ਸਰੋਵਰ ਦੀ ਸੇਵਾ ਅਰੰਭ ਕਰਾਈ, ਸੰਗਤਾਂ ਨੂੰ ਦਸਵੰਧ ਦੇਣ ਦੀ ਪ੍ਰੇਰਨਾ ਕੀਤੀ। ਸਰੋਵਰ ਸੰਨ 1588 ਵਿਚ ਮੁਕੰਮਲ ਹੋਇਆ, ਇਸ ਦਾ ਨਾਂ ਗੁਰੂ ਅਰਜਨ ਦੇਵ ਜੀ ਨੇ **'ਅੰਮ੍ਰਿਤਸਰ'** ਰੱਖਿਆ। ਗੁਰੂ ਅਰਜਨ ਸਾਹਿਬ ਨੇ ਸਰੋਵਰ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਸ਼ਰਧਾਲੂ ਸਾਈਂ ਮੀਆਂ ਮੀਰ ਪਾਸੋਂ ਅਕਤੂਬਰ, ਸੰਨ 1588 ਵਿਚ ਰਖਵਾਈ। ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

ਸੰਨ 1589 ਵਿਚ ਆਪ ਦੀ ਸ਼ਾਦੀ ਪਿੰਡ ਮੌ, ਤਹਿਸੀਲ ਫਿਲੌਰ ਦੇ

ਵਸਨੀਕ ਸ੍ਰੀ ਕ੍ਰਿਸ਼ਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਜੀ ਨਾਲ ਹੋਈ, ਜਿਹਨਾਂ ਦੀ ਕੁੱਖੋਂ ਗੁਰੂ ਹਰਗੋਬਿੰਦ ਸਾਹਿਬ ਨੇ ਜਨਮ ਲਿਆ।

ਆਪ ਨੇ ਮਾਝੇ ਦੇ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਸੰਨ 1590 ਵਿਚ **ਤਰਨਤਾਰਨ** ਵਸਾਇਆ। ਖਡੂਰ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿ ਸਾਰੇ ਇਲਾਕਿਆਂ ਵਿਚ ਪ੍ਰਚਾਰ ਕੀਤਾ। ਫਿਰ **ਕਰਤਾਰਪੁਰ** ਵਸਾਇਆ। ਦੁਆਬੇ ਵਿਚ ਅਨੇਕਾਂ ਸਖੀ ਸਰਵਰੀਏ ਲੋਕ ਸਿੱਖ ਬਣੇ। ਸੰਨ 1595 ਵਿਚ ਸਖ਼ਤ ਔੜ ਲੱਗ ਗਈ। ਪਾਣੀ ਦੀ ਥੁੜ ਨੂੰ ਮੁੱਖ ਰੱਖ ਕੇ ਕਈ ਪਿੰਡਾਂ ਵਿਚ ਖੂਹ ਲਗਵਾਏ।

ਲਾਹੌਰ ਵਿਚ ਕਾਲ ਪੈ ਗਿਆ। ਕਾਲ ਦੇ ਕਾਰਨ ਕਈ ਬੀਮਾਰੀਆਂ ਫੈਲ ਗਈਆਂ। ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਜਾਣ ਲੱਗੇ। ਗੁਰੂ ਜੀ ਸਿੱਖਾਂ ਤੇ ਪਰਿਵਾਰ ਸਮੇਤ ਪਹੁੰਚੇ। ਸਾਰਾ ਦਸਵੰਧ ਦੁਖੀਆਂ ਦੇ ਦੁੱਖ ਵੰਡਾਉਣ ਲਈ ਖ਼ਰਚ ਕੀਤਾ। ਆਪਣੀ ਹੱਥੀਂ ਸੇਵਾ ਕੀਤੀ। ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ। ਗੁਰੂ ਘਰ ਦੀ ਸੇਵਾ ਤੋਂ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਕਿਸਾਨਾਂ ਦਾ ਮਾਮਲਾ ਮਾਫ਼ ਕਰ ਦਿੱਤਾ। ਗੁਰੂ ਅਰਜਨ ਸਾਹਿਬ ਨੇ ਚੂਨਾ ਮੰਡੀ ਵਿਚ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੀ ਇਮਾਰਤ ਸ਼ੁਰੂ ਕਰਵਾਈ। ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਉਣਾ ਆਰੰਭ ਕੀਤਾ, ਇਸ ਤਰ੍ਹਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ। ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣੇ, ਲੰਗਰ ਜ਼ਾਰੀ ਕੀਤੇ ਗਏ। ਗੁਰੂ ਅਰਜਨ ਦੇਵ ਜੀ 8 ਮਹੀਨੇ ਲਾਹੌਰ ਵਿਖੇ ਸੇਵਾ ਤੇ ਲੱਗੇ ਰਹੇ।

ਲਾਹੌਰ ਤੋਂ ਵਾਪਸ ਪਿੰਡਾਂ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਗੁਰੂ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਪੁੱਜੇ। ਥੋੜ੍ਹਾ ਸਮਾਂ ਅੰਮ੍ਰਿਤਸਰ ਠਹਿਰ ਕੇ ਡੇਰਾ ਬਾਬਾ ਨਾਨਕ, ਕਰਤਾਰਪੁਰ, ਕਲਾਨੌਰ, ਬਾਰਠ ਆਦਿਕ ਪਿੰਡਾਂ ਵਿਚ ਦੋ ਸਾਲ ਦਾ ਚੱਕਰ ਲਾ ਕੇ ਸਿੱਖੀ ਪਰਚਾਰ ਕੀਤਾ। ਸੰਨ 1601 ਵਿਚ ਵਾਪਸ ਅੰਮ੍ਰਿਤਸਰ ਆ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਚੁਕੀ ਸੀ, ਜਿਸ ਵਿਚ ਰੋਜ਼ਾਨਾ ਸਤਿਸੰਗ ਦੀ ਮਰਯਾਦਾ ਕਾਇਮ ਕੀਤੀ।

ਅੰਮ੍ਰਿਤਸਰ ਵਾਪਸ ਆਉਣ ਸਮੇਂ ਬਾਲ (ਗੁਰੂ) ਹਰਗੋਬਿੰਦ ਜੀ ਨੂੰ ਸੀਤਲਾ (ਚੇਚਕ) ਨਿਕਲ ਆਈ। ਕੁਝ ਹਿੰਦੂ ਨਰ-ਨਾਰੀ ਵੀ ਬੱਚੇ ਦੀ ਸੁਰਤ ਲੈਣ ਆਏ। ਕਈਆਂ ਪ੍ਰੇਰਨਾ ਕੀਤੀ ਕਿ ਸੀਤਲਾ ਦੇ ਮੰਦਰ ਮੱਥਾ ਟਿਕਾਉ। ਗੁਰੂ ਜੀ ਨੇ ਭਰਮੀ ਲੋਕਾਂ ਨੂੰ ਸਮਝਾਇਆ ਕਿ ਸੀਤਲਾ ਕੋਈ ਦੇਵੀ ਨਹੀਂ, ਇਹ ਤਾਂ ਬਿਮਾਰੀ ਹੈ ਤੇ ਇਸ ਦਾ ਇਲਾਜ ਕਰਨਾ ਚਾਹੀਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਤਿਆਰੀ ਤੋਂ ਬਾਅਦ ਗੁਰੂ ਸਾਹਿਬ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਆਰੰਭ ਕਰਵਾਇਆ। ਸਾਰੀ ਬਾਣੀ ਗੁਰੂਆਂ ਦੀ ਤੇ ਭਗਤਾਂ ਦੀ ਉਹਨਾਂ ਕੋਲ ਸੀ। ਉਹਨਾਂ ਇਸ ਕੰਮ ਲਈ ਭਾਈ ਗੁਰਦਾਸ ਜੀ ਦੀ ਡਿਊਟੀ ਲਗਾਈ। ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਸੇਵਾ ਨਿਭਾਈ। ਗੁਰੂ ਗਰੰਥ ਸਾਹਿਬ ਦੀ ਆਦਿ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਸੰਨ 1604 ਵਿਚ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗਰੰਥੀ ਥਾਪਿਆ ਗਿਆ।

ਸਿੱਖ ਧਰਮ ਦੇ ਪਰਚਾਰ ਦੀ ਵਧ ਰਹੀ ਲਹਿਰ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਿੱਖ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਆ। ਬਹੁਤ ਸਾਰੇ ਮੁਸਲਮਾਨ ਸਿੱਖ ਬਣੇ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾਂ ਤੇ ਮੌਲਾਣਿਆਂ ਲਈ ਬਹੁਤ ਚੁਭਵੀਂ ਸੀ। ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਵਰਗੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸਨੂੰ ਅਕਬਰ ਤੋਂ ਬਾਅਦ ਰਾਜ ਗੱਦੀ ਤੇ ਬੈਠਾਇਆ ਤੇ ਸਾਰਾ ਜ਼ੋਰ ਲਾ ਕੇ ਉਸਦੇ ਕੰਨ ਭਰੇ ਕਿ ਸਿੱਖੀ ਦੀ ਇਸ ਲਹਿਰ ਨੂੰ ਖ਼ਤਮ ਕਰਨਾ ਚਾਹੀਦਾ ਹੈ। ਇਸ ਕੰਮ ਵਿਚ ਪ੍ਰਿਥੀ ਚੰਦ, ਚੰਦੂ, ਬੀਰਬਲ ਆਦਿ ਗੁਰੂ ਘਰ ਦੇ ਵਿਰੋਧੀਆਂ ਨੇ ਵੀ ਵਿੱਤ ਅਨੁਸਾਰ ਹਿੱਸਾ ਪਾਇਆ। ਜਹਾਂਗੀਰ ਨੇ ਖੁਸਰੋ ਦੀ ਬਗਾਵਤ ਸਮੇਂ ਗੁਰੂ ਜੀ ਉੱਤੇ ਸਹਾਇਤਾ ਕਰਨ ਦਾ ਝੂਠਾ ਇਲਜ਼ਾਮ ਲਗਾ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। 30 ਮਈ ਸੰਨ 1606 ਨੂੰ ਗੁਰੂ ਅਰਜਨ ਦੇਵ ਜੀ ਨੂੰ ਸਖ਼ਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਅਹਿਲਕਾਰ ਚੰਦੂ ਨੇ ਗੁਰੂ ਅਰਜਨ ਸਾਹਿਬ ਨੂੰ ਸੜਦੇ ਉਬਲਦੇ ਪਾਣੀ ਦੀ ਦੇਗ ਵਿਚ ਬਿਠਾਇਆ। ਫਿਰ ਨੰਗੇ ਪਿੰਡੇ ਉਤੇ ਸੜਦੀ ਬਲਦੀ ਤੱਤੀ ਰੇਤ ਪਾਈ ਗਈ। ਫਿਰ ਉਹਨਾਂ ਨੂੰ ਲੋਹ ਉੱਤੇ ਬਿਠਾ ਕੇ ਅੱਗ ਦਾ ਭਾਂਬੜ ਮਚਾਇਆ ਗਿਆ। ਸਤਿਗੁਰੂ ਜੀ ਦਾ ਸਾਰਾ ਸਰੀਰ ਇਹਨਾਂ ਤਸੀਹਿਆਂ ਨਾਲ ਛਲਣੀ ਛਲਣੀ ਹੋ ਗਿਆ, ਪਰ ਆਪ ਅਕਾਲ ਪੁਰਖ ਦੇ ਭਾਣੇ ਵਿਚ ਅਡੋਲ ਟਿਕੇ ਰਹੇ। ਇਹਨਾਂ ਭਿਆਨਕ ਤਸੀਹਿਆਂ ਤੋਂ ਬਾਅਦ ਗੁਰੂ ਜੀ ਦੇ ਸਰੀਰ ਨੂੰ ਰਾਵੀ ਦੇ ਠੰਢੇ ਪਾਣੀ ਵਿਚ ਰੋੜ੍ਹ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਅਰਜਨ ਸਾਹਿਬ ਸਿੱਖ ਧਰਮ ਨੂੰ ਸਿਖਰ ਤੇ ਪਹੁੰਚਾ ਕੇ ਸ਼ਹੀਦ ਹੋ ਗਏ। ਸ਼ਹੀਦ ਹੋਣ ਲਈ ਜਾਣ ਤੋਂ ਪਹਿਲਾਂ ਉਹਨਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਬਖਸ਼ ਦਿੱਤੀ ਸੀ।

# 14. ਭਾਈ ਮੰਝ ਜੀ

ਭਾਈ ਮੰਝ ਪਿੰਡ ਕੰਗ ਮਾਈ (ਹੁਸ਼ਿਆਰਪੁਰ) ਦਾ ਰਹਿਣ ਵਾਲਾ ਸੀ। ਇਹ ਇਕ ਮੁਸਲਮਾਨ ਪੀਰ ਸਖੀ ਸਰਵਰ ਦਾ ਪੁਜਾਰੀ ਸੀ। ਇਸ ਨੇ ਆਪਣੇ ਘਰ ਇਕ ਪੀਰਖਾਨਾ (ਕਬਰ) ਵੀ ਬਣਾਇਆ ਹੋਇਆ ਸੀ ਜਿਸ ਤੇ ਹਰ ਵੀਰਵਾਰ ਨੇਮ ਨਾਲ ਮਿੱਠੀ ਰੋਟੀ ਚੜ੍ਹਾਉਂਦਾ ਸੀ। ਸ਼ਰਧਾਲੂਆਂ ਨੂੰ ਨਾਲ ਲੈ ਕੇ ਹਰ ਸਾਲ ਨਿਗਾਹੇ ਪਿੰਡ ਜਾਂਦਾ ਹੁੰਦਾ ਸੀ, ਜਿਥੇ ਇਨ੍ਹਾਂ ਦੇ ਪੀਰ ਦੀ ਕਬਰ ਸੀ।

ਸੰਨ 1585 ਦੀ ਗੱਲ ਹੈ ਕਿ ਇਹ ਜੱਥੇ ਸਮੇਤ ਨਿਗਾਹੇ ਤੋਂ ਹੋ ਕੇ ਵਾਪਸ ਆਪਣੇ ਪਿੰਡ ਜਾ ਰਿਹਾ ਸੀ ਕਿ ਅੰਮ੍ਰਿਤਸਰ ਠਹਿਰ ਗਿਆ। ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਸ਼ਨ ਕੀਤੇ। ਸੰਗਤ ਵਿਚ ਗਿਆ, ਬਾਣੀ ਦਾ ਕੀਰਤਨ ਸੁਣਿਆ। ਮਨ ਨੂੰ ਸ਼ਾਂਤੀ ਆ ਗਈ। ਪ੍ਰਤੀਤ ਹੋਇਆ, ਇਥੋਂ ਮਨ ਨੂੰ ਸੱਚੇ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ। ਭਾਈ ਮੰਝ ਨੇ ਸਤਿਗੁਰੂ ਪਾਸੋਂ ਸਿੱਖੀ ਦੀ ਦਾਤ ਮੰਗੀ। ਗੁਰੂ ਸਾਹਿਬ ਨੇ ਉੱਤਰ ਦਿੱਤਾ, "ਸਿੱਖੀ ਉੱਤੇ ਸਿੱਖੀ ਨਹੀਂ ਟਿਕ ਸਕਦੀ, ਪਹਿਲਾਂ ਆਪਣੇ ਘਰ ਜਾ ਕੇ ਪੀਰ ਖਾਨਾ ਢਾਹ। ਸਖੀ ਸਰਵਰ ਦੀ ਪੂਜਾ ਛੱਡ ਤੇ ਸਿੱਖੀ ਤੋਂ ਉਲਟ ਸਾਰੇ ਕੰਮ ਕਰਨੇ ਬੰਦ ਕਰ, ਤਾਂ ਹੀ ਤੂੰ ਸਿੱਖ ਬਣ ਸਕਦਾ ਹੈਂ।"

ਭਾਈ ਮੰਝ ਨੇ ਇਸੇ ਤਰ੍ਹਾਂ ਕੀਤਾ, ਉਸ ਨੇ ਆਪਣੇ ਘਰ ਜਾ ਕੇ ਪੀਰ ਦੀ ਕਬਰ ਢਾਹ ਦਿੱਤੀ। ਰੋਟ (ਮਿੱਠੀ ਰੋਟੀ) ਪਕਾਉਣੇ ਬੰਦ ਕਰ ਦਿੱਤੇ। ਭੁੰਜੇ ਸੌਣਾ ਵੀ ਬੰਦ ਕਰ ਦਿੱਤਾ। ਧਾਗੇ, ਤਵੀਤ ਦੇਣੇ ਲੈਣੇ ਤਿਆਗ ਦਿੱਤੇ ਤੇ ਗੁਰੂ ਜੀ ਕੋਲ ਆ ਗਿਆ। ਪਿੰਡ ਦੇ ਸਾਰੇ ਲੋਕ ਸਖੀ ਸਰਵਰੀਏ ਸਨ। ਉਹ ਉਸ ਦੇ ਦੁਸ਼ਮਣ ਬਣ ਗਏ। ਲੋਕਾਂ ਉਸ ਨੂੰ ਪਿੰਡ ਦੇ ਮੁਖੀਏ ਦੀ ਪਦਵੀ ਤੋਂ ਵੀ ਹਟਾ ਦਿੱਤਾ, ਪਰ ਉਸ ਨੇ ਕਿਸੇ ਗੱਲ ਦੀ ਪਰਵਾਹ ਨਾ ਕੀਤੀ। ਉਹ ਸੇਵਾ ਵਿਚ ਜੁਟ ਪਿਆ, ਸਿੱਖੀ ਦੀ ਕਮਾਈ ਕਰਨ ਲੱਗਾ। ਉਸ ਨੇ ਆਪਣੇ ਜਿੰਮੇ ਲੰਗਰ ਵਾਸਤੇ ਲਕੜੀਆਂ ਲਿਆਉਣ ਦੀ ਸੇਵਾ ਲੈ ਲਈ। ਹਰ ਰੋਜ਼ ਵਾਹਿਗੁਰੂ ਦਾ ਸਿਮਰਨ ਕਰਦਾ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਹਿਰਦੇ ਵਿਚ ਵਸਾਉਂਦਾ। ਜੰਗਲ ਵਿਚੋਂ ਲੰਗਰ ਲਈ ਲੱਕੜੀਆਂ ਲਿਆਉਂਦਾ।

ਇਕ ਦਿਨ ਭਾਈ ਮੰਝ ਜੀ ਲੱਕੜਾਂ ਸਿਰ ਤੇ ਰੱਖ ਕੇ ਅੰਮ੍ਰਿਤਸਰ ਨੂੰ ਆ ਰਹੇ ਸਨ ਕਿ ਬਹੁਤ ਤੇਜ਼ ਹਨੇਰੀ ਆਈ। ਭਾਈ ਜੀ ਲੱਕੜਾਂ ਸਮੇਤ ਇਕ ਖੂਹ ਵਿਚ ਡਿਗ ਪਏ। ਖੂਹ ਬਹੁਤ ਡੂੰਘਾ ਨਹੀਂ ਸੀ ਅਤੇ ਪਾਣੀ ਵੀ ਥੋੜ੍ਹਾ ਹੀ ਸੀ। ਭਾਈ ਜੀ ਨੇ ਲੱਕੜਾਂ ਸਿਰ ਤੇ ਹੀ ਰੱਖੀਆਂ ਤਾਂ ਕਿ ਭਿੱਜ ਨਾ ਜਾਣ। ਖੂਹ

ਵਿਚ ਖੜ੍ਹੇ ਆਪ ਗੁਰਬਾਣੀ ਦਾ ਪਾਠ ਕਰਨ ਲੱਗੇ। ਜਦੋਂ ਭਾਈ ਮੰਝ ਜੀ ਲੱਕੜਾਂ ਲੈ ਕੇ ਨਾ ਪਹੁੰਚੇ ਤਾਂ ਦਿਲਾਂ ਦੀਆਂ ਜਾਣਨ ਵਾਲੇ ਗੁਰੂ ਅਰਜਨ ਦੇਵ ਜੀ ਸਿੱਖਾਂ ਸਮੇਤ ਖੂਹ ਕੋਲ ਪੁੱਜੇ। ਰੱਸਾ ਲਮਕਾ ਕੇ ਅਵਾਜ਼ ਦਿੱਤੀ, "ਭਾਈ ਜੀ ਰੱਸਾ ਫੜ ਕੇ ਬਾਹਰ ਆ ਜਾਉ।" ਭਾਈ ਮੰਝ ਜੀ ਨੇ ਉੱਤਰ ਦਿੱਤਾ, "ਪਹਿਲਾਂ ਲੱਕੜਾਂ ਬਾਹਰ ਕੱਢੋ ਤਾਂ ਕਿ ਲੰਗਰ ਪੱਕ ਸਕੇ।" ਇਸੇ ਤਰ੍ਹਾਂ ਕੀਤਾ ਗਿਆ। ਫਿਰ ਭਾਈ ਮੰਝ ਬਾਹਰ ਆਏ। ਗੁਰੂ ਜੀ ਨੇ ਭਾਈ ਮੰਝ ਨੂੰ ਆਪਣੀ ਛਾਤੀ ਨਾਲ ਲਾਇਆ ਤੇ ਆਖਿਆ :

**ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ।**
**ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣਹਾਰਾ।**

ਇਸ ਤਰ੍ਹਾਂ ਭਾਈ ਮੰਝ ਜੀ ਸਿੱਖੀ ਦੇ ਇਮਤਿਹਾਨ ਵਿਚੋਂ ਪਾਸ ਹੋ ਗਏ।

ਗੁਰੂ ਜੀ ਨੇ ਭਾਈ ਜੀ ਨੂੰ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਹੁਸ਼ਿਆਰਪੁਰ ਆਪਣੇ ਘਰ ਭੇਜ ਦਿੱਤਾ। ਭਾਈ ਮੰਝ ਜੀ ਨੇ ਘਰ ਜਾ ਕੇ ਸੰਗਤ ਕਾਇਮ ਕੀਤੀ। ਲੰਗਰ ਚਲਾਇਆ ਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ।

**ਸਿਖਿਆ** : ਸਿੱਖ ਬਣਨ ਲਈ ਹੋਰਨਾਂ ਧਰਮਾਂ ਦੇ ਵਿਸ਼ਵਾਸਾਂ, ਰਸਮਾਂ, ਰੀਤੀ-ਰਿਵਾਜ਼ਾਂ ਆਦਿ ਦਾ ਪੂਰੀ ਤਰ੍ਹਾਂ ਤਿਆਗ ਕਰਨਾ ਪੈਂਦਾ ਹੈ। ਕੇਵਲ ਗੁਰੂ ਸਾਹਿਬਾਂ ਦੇ ਹੁਕਮਾਂ ਅਥਵਾ ਗੁਰਬਾਣੀ ਅਨੁਸਾਰ ਹੀ ਜੀਵਨ ਬਣਾਉਣਾ ਪੈਂਦਾ ਹੈ। ਮੜ੍ਹੀਆਂ ਅਤੇ ਕਬਰਾਂ ਆਦਿ ਦੀ ਪੂਜਾ ਸਿੱਖ ਧਰਮ ਵਿਚ ਬਿਲਕੁਲ ਮਨ੍ਹਾਂ ਹੈ।

## 15. ਭਾਈ ਕਲਿਆਣਾ ਜੀ

ਜਦੋਂ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਬਣ ਰਹੀ ਸੀ, ਉਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖ ਭਾਈ ਕਲਿਆਣਾ ਜੀ ਨੂੰ ਇਮਾਰਤੀ ਲੱਕੜੀ ਲੈਣ ਲਈ, ਰਿਆਸਤ ਮੰਡੀ (ਹਿਮਾਚਲ ਪ੍ਰਦੇਸ਼) ਭੇਜਿਆ। ਉਥੋਂ ਦਾ ਰਾਜਾ ਹਰੀ ਸੈਨ ਸੀ। ਉਹ ਸਾਰੇ ਬ੍ਰਾਹਮਣੀ ਕਰਮ-ਕਾਂਡ ਕਰਦਾ ਸੀ। ਉਹ ਆਪ ਵਰਤ ਰੱਖਦਾ ਸੀ ਅਤੇ ਸਾਰੀ ਜਨਤਾ ਕੋਲੋਂ ਵੀ ਸਰਕਾਰੀ ਤੌਰ ਤੇ ਵਰਤ ਰਖਵਾਂਦਾ ਸੀ।

ਭਾਈ ਕਲਿਆਣਾ ਜੀ ਜਦੋਂ ਉਥੇ ਪੁੱਜੇ, ਜਨਮ ਅਸ਼ਟਮੀ ਦਾ ਦਿਨ ਆ ਗਿਆ। ਸਰਕਾਰੀ ਐਲਾਨ ਅਨੁਸਾਰ ਸਾਰਿਆਂ ਨੂੰ ਵਰਤ ਰੱਖਣ ਲਈ ਕਿਹਾ ਗਿਆ। ਸਾਰਿਆਂ ਨੇ ਰਾਜੇ ਦਾ ਹੁਕਮ ਮੰਨ ਕੇ ਵਰਤ ਰੱਖਣਾ ਸੀ। ਭਾਈ

ਕਲਿਆਣਾ ਜੀ ਨੇ ਵਰਤ ਨਾ ਰੱਖਿਆ, ਸਗੋਂ ਹਿੰਦੂਆਂ ਨੂੰ ਵੀ ਵਰਤ ਛੱਡਣ ਲਈ ਪ੍ਰੇਰਨਾ ਕੀਤੀ। ਖੁੱਲ੍ਹੇ ਮੈਦਾਨ 'ਚ ਲੰਗਰ ਤਿਆਰ ਕੀਤਾ ਤੇ ਇੱਕ ਕੋਠੇ ਤੇ ਚੜ੍ਹ ਕੇ ਆਵਾਜ਼ ਮਾਰੀ, ਗੁਰੂ ਕਾ ਲੰਗਰ ਤਿਆਰ ਹੈ, ਜਿਸ ਨੇ ਛਕਣਾ ਹੈ, ਆ ਕੇ ਛਕ ਲਵੋ।" ਇਸ ਗੱਲ ਦੀ ਰਾਜੇ ਕੋਲ ਸ਼ਿਕਾਇਤ ਪਹੁੰਚੀ। ਰਾਜੇ ਨੂੰ ਬੜਾ ਗੁੱਸਾ ਚੜ੍ਹਿਆ। ਉਸ ਨੇ ਭਾਈ ਸਾਹਿਬ ਨੂੰ ਬੁਲਾ ਭੇਜਿਆ। ਭਾਈ ਸਾਹਿਬ ਅੱਗੇ ਹੀ ਇਸ ਮੌਕੇ ਦੀ ਉਡੀਕ ਵਿਚ ਬੈਠੇ ਸਨ। ਉਹ ਬਿਲਕੁਲ ਨਹੀਂ ਡਰੇ। ਗੁਰਬਾਣੀ ਦੀਆਂ ਸਚਾਈਆਂ ਸਿੱਖ ਨੂੰ ਨਿਡਰ ਬਣਾ ਦਿੰਦੀਆਂ ਹਨ। ਰਾਜੇ ਨੇ ਭਾਈ ਸਾਹਿਬ ਤੋਂ ਪੁੱਛਿਆ, 'ਤੁਸੀਂ ਜਨਮ ਅਸ਼ਟਮੀ ਦਾ ਵਰਤ ਕਿਉਂ ਨਹੀਂ ਰੱਖਿਆ?'

ਭਾਈ ਕਲਿਆਣਾ ਜੀ ਨੇ ਉੱਤਰ ਦਿੱਤਾ, "ਤੁਸੀਂ ਆਪ ਕ੍ਰਿਸ਼ਨ ਜੀ ਦੀ ਮੂਰਤੀ ਬਣਾਈ ਹੈ। ਮੂਰਤੀ ਪੱਥਰ ਦੀ ਹੈ। ਤੁਸੀਂ ਸਾਰੇ ਇਸ ਦੀ ਪੂਜਾ ਕਰਦੇ ਹੋ। ਪੱਥਰ ਦੀ ਮੂਰਤੀ ਨੂੰ ਅੰਨ ਖੁਆਉਣਾ ਠੀਕ ਨਹੀਂ ਹੈ। ਮੂਰਤੀ ਕੁਝ ਖਾ ਨਹੀਂ ਸਕਦੀ। ਮੇਰੇ ਗੁਰੂ ਨੇ ਤਾਂ ਇਹ ਉਪਦੇਸ਼ ਦਿੱਤਾ ਹੈ ਕਿ ਰੱਬ ਹਰ ਥਾਂ ਵਸਦਾ ਹੈ। ਮੂਰਤੀ ਵਿਚ ਰੱਬ ਨਹੀਂ। ਕੋਈ ਦਿਨ ਭੈੜਾ ਨਹੀਂ, ਕੋਈ ਖ਼ਾਸ ਦਿਨ ਚੰਗਾ ਨਹੀਂ। ਸਭ ਦਿਨ ਇਕੋ ਜਿਹੇ ਹਨ। ਵਰਤ ਰੱਖਣਾ ਪਖੰਡ ਹੈ। ਇਹ ਰੱਬ ਦੀ ਪੂਜਾ ਦਾ ਤਰੀਕਾ ਨਹੀਂ, ਸਗੋਂ ਸਰੀਰ ਨੂੰ ਦੁੱਖ ਦੇਣ ਦਾ ਵਸੀਲਾ ਹੈ। ਮੇਰੇ ਗੁਰੂ ਦਾ ਫੁਰਮਾਨ ਹੈ :

**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ॥**
**ਬਿਨੁ ਗੁਰ ਗਿਆਨ, ਤ੍ਰਿਪਤਿ ਨਹੀ ਥੀਜੈ॥**

*(ਰਾਮਕਲੀ, ਮ: ੧, ਪੰਨਾ ੯੦੫)*

ਗੁਰੂ ਦੇ ਸੱਚੇ ਗਿਆਨ ਬਿਨਾਂ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਤੁਸੀਂ ਕਹਿੰਦੇ ਹੋ ਕਿ ਅੱਜ ਭਗਵਾਨ ਦਾ ਜਨਮ ਦਿਨ ਹੈ। ਤੁਹਾਨੂੰ ਭਗਵਾਨ ਦੀ ਵੀ ਸਮਝ ਨਹੀਂ ਆਈ। ਭਗਵਾਨ ਨਾ ਜੰਮਦਾ ਹੈ ਤੇ ਨਾ ਮਰਦਾ ਹੈ। ਕੋਈ ਮਨੁੱਖ ਭਗਵਾਨ ਨਹੀਂ ਹੋ ਸਕਦਾ।

ਰਾਜਾ ਇਹ ਗੱਲਾਂ ਸੁਣ ਕੇ ਕਹਿਣ ਲੱਗਾ ਕਿ ਤੁਹਾਡੇ ਬਚਨ ਸੱਚੇ ਹਨ। ਪਰ ਤੁਸੀਂ ਮੇਰਾ ਹੁਕਮ ਨਹੀਂ ਮੰਨਿਆ, ਇਸ ਲਈ ਤੁਸੀਂ ਦੋਸ਼ੀ ਹੋ। ਤੁਹਾਨੂੰ ਸਜ਼ਾ ਮਿਲੇਗੀ।

ਭਾਈ ਸਾਹਿਬ ਨੇ ਉੱਤਰ ਦਿੱਤਾ, "ਜਿਵੇਂ ਆਪਣਾ ਹੁਕਮ ਨਾ ਮੰਨਣ ਵਾਲੇ ਨੂੰ ਤੁਸੀਂ ਦੋਸ਼ੀ ਸਮਝਦੇ ਹੋ, ਇਸੇ ਤਰ੍ਹਾਂ ਰੱਬ ਦੇ ਸੱਚੇ ਹੁਕਮ ਨੂੰ ਨਾ ਮੰਨਣ ਕਰ ਕੇ ਤੁਸੀਂ ਵੀ ਦੋਸ਼ੀ ਹੋ। ਰੱਬ ਤਾਂ ਸਾਰਿਆਂ ਨੂੰ ਰੋਟੀ ਦੇ ਰਿਹਾ ਹੈ ਤੇ ਤੁਸੀਂ ਰੋਟੀ ਬੰਦ ਕਰਵਾ ਕੇ ਵਰਤ ਰਖਵਾਉਂਦੇ ਹੋ। ਤੁਸੀਂ ਆਪ ਤਾਂ ਵਰਤ ਸਮੇਂ ਦੁੱਧ ਪੇੜੇ

ਆਦਿ ਛਕ ਲੈਂਦੇ ਹੋ, ਪਰ ਗਰੀਬ ਵਿਚਾਰੇ ਕੀ ਕਰਨ ? ਕੀ ਗਰੀਬਾਂ ਨੂੰ ਭੁੱਖੇ ਰੱਖਣਾ ਪਾਪ ਨਹੀਂ ਹੈ ? ਬਦੋਬਦੀ ਅੰਨ ਨਾ ਛਕਣਾ ਨਾ-ਸਮਝੀ ਵੀ ਹੈ ਤੇ ਪਖੰਡ ਵੀ। ਇਹ ਕੋਈ ਧਰਮ ਦੀ ਗੱਲ ਨਹੀਂ।

ਜਦੋਂ ਰਾਜੇ ਨੇ ਭਾਈ ਕਲਿਆਣਾ ਜੀ ਦੀਆਂ ਇਹ ਸੱਚੀਆਂ, ਗਿਆਨ ਭਰਪੂਰ ਤੇ ਦਲੇਰੀ ਵਾਲੀਆਂ ਗੱਲਾਂ ਸੁਣੀਆਂ ਤਾਂ ਬੜਾ ਪ੍ਰਸੰਨ ਹੋਇਆ। ਉਸ ਨੂੰ ਬ੍ਰਾਹਮਣ ਮਤ ਦੇ ਸਾਰੇ ਕਰਮ-ਕਾਂਡ ਫੋਕਟ ਲੱਗਣ ਲੱਗੇ। ਰਾਜੇ ਦੇ ਮਨ ਵਿਚ ਇਹ ਵਿਚਾਰ ਉੱਠਿਆ ਕਿ ਮੈਂ ਵੀ ਐਸੇ ਸਤਿਗੁਰੂ ਦੇ ਦਰਸ਼ਨ ਕਰਾਂ, ਜਿਸ ਨੇ ਭਾਈ ਕਲਿਆਣਾ ਜੀ ਨੂੰ ਐਸੀ ਸੁੰਦਰ ਸਿਖਿਆ ਦਿੱਤੀ ਹੈ। ਰਾਜੇ ਨੇ ਭਾਈ ਕਲਿਆਣਾ ਜੀ ਨੂੰ ਆਪਣੇ ਦਿਲ ਦੀ ਗੱਲ ਦੱਸੀ। ਭਾਈ ਕਲਿਆਣਾ ਜੀ ਰਾਜੇ ਨੂੰ ਨਾਲ ਲੈ ਕੇ ਅੰਮ੍ਰਿਤਸਰ ਆਏ। ਰਾਜੇ ਨੇ ਆਪਣੇ ਸਾਥੀਆਂ ਸਮੇਤ ਗੁਰੂ ਅਰਜਨ ਦੇਵ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ।

**ਸਿਖਿਆ** : ਸਿੱਖ ਕਦੀ ਵਰਤ ਨਹੀਂ ਰੱਖਦਾ। ਸਿੱਖ, ਗੁਰੂ ਦਾ ਹੁਕਮ ਮੰਨਦਾ ਹੈ ਤੇ ਹੋਰਨਾਂ ਨੂੰ ਮੰਨਣ ਲਈ ਪ੍ਰੇਰਦਾ ਹੈ। ਗੁਰਸਿੱਖ, ਗੁਰਬਾਣੀ ਨੂੰ ਸਮਝ ਕੇ ਪੜ੍ਹਦਾ ਹੈ। ਗੁਰਬਾਣੀ ਦੀਆਂ ਸੱਚੀਆਂ ਗੱਲਾਂ ਨਾਲ ਲੋਕਾਂ ਨੂੰ ਸਿੱਖ ਬਣਾਂਦਾ ਹੈ ਅਤੇ ਆਪ ਐਵੇਂ ਦੇਖਾ-ਦੇਖੀ ਦੂਜਿਆਂ ਦੇ ਪਿੱਛੇ ਨਹੀਂ ਲੱਗ ਟੁਰਦਾ।

## 16. ਸੀਤਲਾ

ਹਿੰਦੂ ਘਰਾਣਿਆਂ ਵਿਚ ਚੇਚਕ ਦੀ ਬਿਮਾਰੀ ਨੂੰ ਸੀਤਲਾ ਮਾਤਾ ਜਾਂ ਸੀਤਲਾ ਦੇਵੀ ਆਖਦੇ ਹਨ, ਪਰ ਚੇਚਕ ਕੋਈ ਮਾਤਾ ਜਾਂ ਦੇਵੀ ਨਹੀਂ। ਇਹ ਛੂਤ ਦੀ ਭਿਆਨਕ ਬਿਮਾਰੀ ਹੈ। ਇਕ ਮਨੁੱਖ ਤੋਂ ਦੂਸਰੇ ਮਨੁੱਖ ਨੂੰ ਬੜੀ ਜਲਦੀ ਲੱਗ ਜਾਂਦੀ ਹੈ। ਜਦੋਂ ਅਜੇ ਚੇਚਕ ਦਾ ਇਲਾਜ ਨਹੀਂ ਸੀ ਲੱਭਿਆ ਗਿਆ ਤਾਂ ਇਸ ਬਿਮਾਰੀ ਨਾਲ ਹਜ਼ਾਰਾਂ ਲੋਕ ਇਕੋ ਵਾਰੀ ਖ਼ਤਮ ਹੋ ਜਾਂਦੇ ਸਨ। ਬੱਚਿਆਂ ਉੱਤੇ ਇਸ ਬਿਮਾਰੀ ਦਾ ਅਸਰ ਜਲਦੀ ਹੁੰਦਾ ਹੈ। ਇਹ ਬਿਮਾਰੀ ਆਮ ਤੌਰ ਤੇ ਬਰਸਾਤ ਰੁੱਤ 'ਚ ਹੁੰਦੀ ਹੈ।

ਇਸ ਬਿਮਾਰੀ ਨਾਲ ਪਹਿਲਾਂ ਕਈ ਦਿਨ ਬੁਖਾਰ ਰਹਿੰਦਾ ਹੈ। ਫਿਰ ਸਰੀਰ ਤੇ ਦਾਣੇ ਨਿਕਲ ਆਉਂਦੇ ਹਨ। ਦਾਣਿਆਂ ਵਿਚ ਪਾਣੀ ਭਰ ਜਾਂਦਾ ਹੈ। ਇਸ ਬਿਮਾਰੀ ਨਾਲ ਕਈ ਵਾਰੀ ਰੋਗੀ ਦੀਆਂ ਅੱਖਾਂ ਜਾਂ ਸਰੀਰ ਦਾ ਕੋਈ ਹੋਰ ਅੰਗ ਸਦਾ ਲਈ ਖ਼ਰਾਬ ਹੋ ਜਾਂਦਾ ਹੈ। (ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਜੀ ਅੱਖ ਇਸੇ ਬਿਮਾਰੀ ਨਾਲ ਬਚਪਨ ਵਿਚ ਖ਼ਰਾਬ ਹੋ ਗਈ ਸੀ।)

ਸਿਆਣੇ ਲੋਕ ਇਸ ਬਿਮਾਰੀ ਦਾ ਇਲਾਜ ਕਰਦੇ ਹਨ। ਪਰੰਤੂ ਵਹਿਮੀ ਅਤੇ ਅਨਪੜ੍ਹ ਲੋਕ ਇਸ ਨੂੰ ਮਾਤਾ ਕਹਿੰਦੇ ਹਨ। ਉਹ ਸਮਝਦੇ ਹਨ ਕਿ ਸੀਤਲਾ ਮਾਤਾ ਆਈ ਹੈ। ਉਹ ਚੇਚਕ ਨੂੰ ਬਿਮਾਰੀ ਵੀ ਨਹੀਂ ਕਹਿੰਦੇ। ਉਹ ਡਰਦੇ ਹਨ ਕਿ ਜੇ ਅਸੀਂ ਬਿਮਾਰੀ ਕਿਹਾ ਤਾਂ ਮਾਤਾ ਨਰਾਜ਼ ਹੋ ਜਾਵੇਗੀ। ਉਹ ਬਿਮਾਰੀ ਦਾ ਕੋਈ ਇਲਾਜ ਨਹੀਂ ਕਰਦੇ। ਬਿਮਾਰ ਕੋਲ ਬੈਠ ਕੇ ਦੇਵੀ ਮਾਤਾ ਦੀਆਂ ਭੇਟਾਂ ਗਾਉਂਦੇ ਹਨ। ਸੀਤਲਾ ਦੇਵੀ ਦੇ ਮੰਦਰ ਬਣਾ ਕੇ ਰੱਖਦੇ ਹਨ। ਇਹ ਮੰਦਰ ਪਾਣੀ ਦੇ ਛੱਪੜਾਂ ਦੇ ਕੰਢੇ ਬਣਾਉਂਦੇ ਹਨ। ਮੰਦਰ ਕੋਲੋਂ ਮਿੱਟੀ ਲਿਆਉਂਦੇ ਹਨ, ਜਿਸਨੂੰ ਵਹਿਮੀ ਲੋਕ ਸੀਤਲਾ ਦਾ ਪ੍ਰਸ਼ਾਦ ਸਮਝਦੇ ਹਨ। ਮਿੱਟੀ ਨੂੰ ਪਾਣੀ ਨਾਲ ਗਿੱਲੀ ਕਰਕੇ ਬਿਮਾਰ ਦੇ ਦਾਣਿਆਂ ਤੇ ਲਾਉਂਦੇ ਹਨ। ਇਸ ਤੋਂ ਬਿਨਾਂ ਹੋਰ ਕੋਈ ਇਲਾਜ ਨਹੀਂ ਕਰਦੇ।

ਇਹ ਬਿਮਾਰੀ ਆਮ ਤੌਰ ਤੇ ਬਰਸਾਤ ਰੁੱਤ ਵਿਚ ਹੁੰਦੀ ਹੈ, ਇਸ ਲਈ ਜਦੋਂ ਬਦਲ ਗੱਜਦੇ ਹਨ, ਗੜ੍ਹ-ਗੜ੍ਹ ਕਰਦੇ ਹਨ ਤਾਂ ਵਹਿਮੀ ਲੋਕ ਇਹ ਸਮਝਦੇ ਹਨ ਕਿ ਬੱਦਲਾਂ ਦੀ ਇਸ ਅਵਾਜ਼ ਨਾਲ ਮਾਤਾ ਦੇਵੀ ਨਰਾਜ਼ ਹੋ ਜਾਵੇਗੀ, ਇਸ ਕਰਕੇ ਛੱਜਾਂ ਵਿਚ ਠੀਕਰੀਆਂ ਪਾ ਕੇ ਰੱਖਦੇ ਹਨ, ਜਦੋਂ ਬੱਦਲ ਗੜ੍ਹ-ਗੜ੍ਹ ਕਰਦੇ ਹਨ ਤਾਂ ਛੱਜਾਂ ਦੀਆਂ ਠੀਕਰੀਆਂ ਨੂੰ ਜ਼ੋਰ ਨਾਲ ਖੜਕਾਉਂਦੇ ਹਨ। ਇਸ ਤਰ੍ਹਾਂ ਉਹ ਸਮਝਦੇ ਹਨ ਕਿ ਬੱਦਲਾਂ ਦੇ ਗੱਜਣ ਦੀ ਅਵਾਜ਼ ਮਾਤਾ ਨੂੰ ਨਹੀਂ ਸੁਣਾਈ ਦੇਵੇਗੀ ਤੇ ਮਾਤਾ ਨਰਾਜ਼ ਨਹੀਂ ਹੋਵੇਗੀ, ਪਰ ਇਹ ਸਭ ਉਹਨਾਂ ਅਨਪੜ੍ਹ ਲੋਕਾਂ ਦੀ ਅਗਿਆਨਤਾ ਹੀ ਹੈ। ਕਈ ਲੋਕ ਇਸ ਬਿਮਾਰੀ ਤੋਂ ਬਚਣ ਲਈ ਸੀਤਲਾ ਦੇ ਮੰਦਰ ਜਾਂਦੇ ਹਨ ਅਤੇ ਦੇਵੀ ਦੇ ਜਗਰਾਤੇ ਵੀ ਕਰਵਾਉਂਦੇ ਹਨ, ਪਰ ਇਸ ਤਰ੍ਹਾਂ ਕਰਨ ਨਾਲ ਬਿਮਾਰੀ ਦੂਰ ਨਹੀਂ ਹੁੰਦੀ।

ਇਕ ਵਾਰੀ ਲਾਹੌਰ ਸ਼ਹਿਰ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਗਲੀਆਂ ਤੇ ਬਜ਼ਾਰ ਲਾਸ਼ਾਂ ਨਾਲ ਭਰ ਗਏ। ਘਰ-ਘਰ ਵਿਚ ਇਹ ਬਿਮਾਰੀ ਜ਼ੋਰ ਫੜ ਗਈ। ਗੁਰੂ ਅਰਜਨ ਦੇਵ ਜੀ ਲੋਕਾਂ ਦੀ ਸਹਾਇਤਾ ਕਰਨ ਲਈ ਲਾਹੌਰ ਆਏ। ਗੁਰੂ ਸਾਹਿਬ ਦੇ ਨਾਲ ਡੇਢ ਸਾਲ ਦੇ ਬਾਲਕ (ਗੁਰੂ) ਹਰਿਗੋਬਿੰਦ ਸਾਹਿਬ ਜੀ ਵੀ ਸਨ। ਗੁਰੂ ਜੀ ਨੇ ਲੋਕਾਂ ਦੀ ਆਪਣੇ ਹੱਥੀਂ ਬੜੀ ਸੇਵਾ ਕੀਤੀ, ਲੰਗਰ ਲਾ ਦਿੱਤੇ। ਮੁਫਤ ਦਵਾਈਆਂ ਵੰਡੀਆਂ ਤੇ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ। ਸੇਵਾ ਦਾ ਇਹ ਕੰਮ ਕਈ ਮਹੀਨੇ ਚਲਦਾ ਰਿਹਾ। ਜਦੋਂ ਗੁਰੂ ਜੀ ਅੰਮ੍ਰਿਤਸਰ ਵਾਪਸ ਆਏ ਤਾਂ ਬਾਲਕ (ਗੁਰੂ) ਹਰਿਗੋਬਿੰਦ ਜੀ ਨੂੰ ਵੀ ਚੇਚਕ ਨਿਕਲ ਆਈ। ਕੁਝ ਵਹਿਮੀ ਲੋਕ ਗੁਰੂ ਜੀ ਕੋਲ ਆਏ ਤੇ ਉਹੋ ਜਿਹੀਆਂ ਸਲਾਹਾਂ ਦਿੱਤੀਆਂ ਜਿਹੋ-ਜਿਹੇ ਵਹਿਮ ਉਹ ਆਪ ਕਰਦੇ ਸਨ। ਕਿਸੇ ਨੇ ਸੀਤਲਾ ਮੰਦਰ ਵਿਚ ਜਾਣ ਵਾਸਤੇ ਕਿਹਾ। ਗੁਰੂ ਜੀ ਨੇ ਉਹਨਾਂ ਵਹਿਮੀ ਲੋਕਾਂ ਨੂੰ ਸਮਝਾਇਆ ਕਿ ਚੇਚਕ ਇਕ

ਬਿਮਾਰੀ ਹੈ, ਇਹ ਕੋਈ ਮਾਤਾ ਜਾਂ ਦੇਵੀ ਨਹੀਂ। ਇਸ ਲਈ ਸਾਨੂੰ ਇਸ ਦਾ ਇਲਾਜ ਕਰਨਾ ਚਾਹੀਦਾ ਹੈ। ਸਾਨੂੰ ਵਾਹਿਗੁਰੂ ਦੇ ਭਾਣੇ ਵਿਚ ਖ਼ੁਸ਼ ਰਹਿਣਾ ਚਾਹੀਦਾ ਹੈ। ਦੁਖ ਸੁਖ ਉਸ ਵਾਹਿਗੁਰੂ ਦੇ ਹੁਕਮ ਵਿਚ ਹੀ ਆਉਂਦੇ ਹਨ। ਗੁਰੂ ਸਾਹਿਬ ਨੇ ਸੀਤਲਾ ਦੇ ਖੰਡਨ ਬਾਰੇ ਕਈ ਸ਼ਬਦ ਵੀ ਉਚਾਰਨ ਕੀਤੇ ਜੋ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਹਨ।

ਅੱਜ ਕੱਲ੍ਹ ਇਸ ਬਿਮਾਰੀ ਦੇ ਟੀਕੇ ਲਾਏ ਜਾਂਦੇ ਹਨ। ਭਾਰਤ ਵਿਚ ਇਹ ਬਿਮਾਰੀ ਖ਼ਤਮ ਹੋ ਚੁਕੀ ਹੈ। ਹੁਣ ਤਾਂ ਸਰਕਾਰ ਵੱਲੋਂ ਚੇਚਕ ਦੀ ਬਿਮਾਰੀ ਦਾ ਪਤਾ ਦੱਸਣ ਵਾਲੇ ਨੂੰ 1000 ਰੁਪਏ ਇਨਾਮ ਦਿੱਤਾ ਜਾਂਦਾ ਹੈ, ਫਿਰ ਵੀ ਕੋਈ ਬਿਮਾਰ ਨਹੀਂ ਲੱਭਦਾ। ਜਦੋਂ ਤਕ ਅੰਧ ਵਿਸ਼ਵਾਸੀ ਲੋਕ ਚੇਚਕ ਨੂੰ ਸੀਤਲਾ ਜਾਂ ਮਾਤਾ ਸਮਝ ਕੇ ਇਸ ਦੀ ਪੂਜਾ ਕਰਦੇ ਰਹੇ, ਲੱਖਾਂ ਲੋਕ ਇਸ ਨਾਲ ਮਰਦੇ ਰਹੇ। ਹੁਣ ਜਦੋਂ ਸਭ ਨੂੰ ਇਹ ਪਤਾ ਲੱਗ ਗਿਆ ਕਿ ਸੀਤਲਾ 'ਮਾਤਾ' ਨਹੀਂ, ਇਕ ਛੂਤ ਦੀ ਬਿਮਾਰੀ ਹੈ, ਜਿਸਦਾ ਇਲਾਜ ਹੋ ਸਕਦਾ ਹੈ ਤਾਂ ਕੋਈ ਬਿਮਾਰ ਨਹੀਂ ਲੱਭਦਾ।

**ਸਿਖਿਆ :** ਚੇਚਕ ਇਕ ਬਿਮਾਰੀ ਹੈ, ਜਿਸਦਾ ਪੂਰਨ ਇਲਾਜ ਹੋ ਸਕਦਾ ਹੈ। ਇਹ ਸੀਤਲਾ ਮਾਤਾ ਜਾਂ ਦੇਵੀ ਨਹੀਂ। ਦੇਵੀ-ਦੇਵਤਿਆਂ ਦੀ ਕੋਈ ਹੱਦ ਨਹੀਂ। ਦੇਵੀ-ਦੇਵਤਿਆਂ ਅੱਗੇ ਨੱਕ ਰਗੜਨ ਦੀ ਥਾਂ ਤੇ ਕੇਵਲ ਵਾਹਿਗੁਰੂ 'ਤੇ ਭਰੋਸਾ ਰੱਖਣਾ ਚਾਹੀਦਾ ਹੈ।

## 17. ਸ੍ਰੀ ਗੁਰੂ ਹਰਿਗੋਬਿੰਦ ਜੀ

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ, ਸੰਨ 1595 ਨੂੰ ਪਿੰਡ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ, ਵਿਖੇ ਗੁਰੂ ਅਰਜਨ ਦੇਵ ਜੀ ਦੇ ਘਰ ਮਾਤਾ ਗੰਗਾ ਜੀ ਦੀ ਕੁਖੋਂ ਹੋਇਆ। ਆਪ ਦੇ ਤਾਇਆ ਬਾਬਾ ਪ੍ਰਿਥੀ ਚੰਦ ਜੀ ਨੇ ਬਚਪਨ ਵਿਚ ਆਪ ਤੇ ਬੜੇ ਮਾਰੂ ਵਾਰ ਕੀਤੇ। ਪਹਿਲਾਂ ਦਾਈ ਨੂੰ ਭੇਜਿਆ ਕਿ ਉਹ ਆਪਣੀਆਂ ਛਾਤੀਆਂ ਤੇ ਜ਼ਹਿਰ ਲਾ ਕੇ ਬਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੁੱਧ ਪਿਆਏ। ਪਰ ਆਪ ਨੇ ਦੁੱਧ ਨਾ ਪੀਤਾ; ਜ਼ਹਿਰ ਉਲਟਾ ਦਾਈ ਨੂੰ ਚੜ੍ਹ ਗਿਆ ਤੇ ਉਹ ਮਰ ਗਈ। ਦੂਸਰੀ ਵਾਰ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਭੇਜਿਆ ਕਿ ਉਹ ਬਾਲਕ ਕੋਲ ਜ਼ਹਿਰੀਲਾ ਸੱਪ ਛੱਡੇ, ਪਰ ਸੇਵਾਦਾਰਾਂ ਨੂੰ ਪਤਾ ਲੱਗ ਜਾਣ ਤੇ ਸੱਪ ਨੂੰ ਮਾਰ ਦਿੱਤਾ ਗਿਆ। ਤੀਜੀ ਵਾਰ ਖਿਡਾਵੇ ਨੂੰ ਲਾਲਚ ਦੇ ਕੇ ਦਹੀਂ ਵਿਚ ਜ਼ਹਿਰ ਪਾ ਕੇ ਪਿਆਉਣ ਲਈ ਭੇਜਿਆ, ਪਰ ਬਾਲਕ ਨੇ ਦਹੀਂ ਨੂੰ ਮੂੰਹ ਨਾ

ਲਾਇਆ। ਬ੍ਰਾਹਮਣ ਨੂੰ ਐਸਾ ਸੂਲ ਪਿਆ ਕਿ ਉਹ ਸੂਲ ਨਾਲ ਹੀ ਮਰ ਗਿਆ। ਅਕਾਲ ਪੁਰਖ ਨੇ (ਗੁਰੂ) ਹਰਿਗੋਬਿੰਦ ਜੀ ਦੀ ਆਪ ਰੱਖਿਆ ਕੀਤੀ ਤੇ ਪ੍ਰਿਥੀ ਚੰਦ ਦੀ ਸਾਰੇ ਸ਼ਹਿਰ ਵਿਚ ਸਖ਼ਤ ਬਦਨਾਮੀ ਹੋਈ। ਜਦੋਂ ਆਪ ਨੂੰ ਸੀਤਲਾ ਨਿਕਲੀ ਸੀ ਤਾਂ ਵੀ ਵਾਹਿਗੁਰੂ ਨੇ ਆਪ ਜੀ ਦੀ ਰੱਖਿਆ ਕੀਤੀ ਸੀ।

(ਗੁਰੂ) ਹਰਿਗੋਬਿੰਦ ਸਾਹਿਬ ਦੀ ਬਚਪਨ ਵਿਚ ਸਰੀਰਕ ਤੇ ਆਤਮਕ ਸਿਖਲਾਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਹੋਈ। ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਨੂੰ ਸ਼ਸਤਰ ਵਿਦਿਆ ਵਿਚ ਨਿਪੁੰਨ ਕਰ ਦਿੱਤਾ।

ਜਦੋਂ ਗੁਰੂ ਅਰਜਨ ਸਾਹਿਬ ਸ਼ਹੀਦੀ ਦੇਣ ਲਈ ਤਿਆਰ ਹੋ ਕੇ ਲਾਹੌਰ ਜਾਣ ਲੱਗੇ ਤਾਂ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਆਦਿਕ ਮੁਖੀ ਸਿੱਖਾਂ ਨੂੰ ਸੱਦ ਕੇ ਉਸ ਵਕਤ ਦੇ ਰਾਜਸੀ ਹਾਲਾਤ ਦੱਸੇ ਤੇ ਆਉਣ ਵਾਲੇ ਸਮੇਂ ਵਿਚ ਹਕੂਮਤ ਨਾਲ ਸਿੱਧੀ ਟੱਕਰ ਹੋਣ ਬਾਰੇ ਵੀ ਸੰਭਾਵਨਾ ਦੱਸੀ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਭਰੀ ਸੰਗਤ ਦੇ ਸਾਹਮਣੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪੀ। ਉਸ ਸਮੇਂ ਇਹਨਾਂ ਦੀ ਉਮਰ 11 ਸਾਲ ਦੀ ਸੀ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਸਿੱਖ ਸੰਗਤਾਂ ਵਿਚ ਜੋਸ਼ ਭਰ ਦਿੱਤਾ। ਗੱਭਰੂਆਂ ਦੇ ਡੌਲਿਆਂ ਵਿਚ ਲਹੂ ਨੇ ਜੋਸ਼ ਮਾਰਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦੋ ਤਲਵਾਰਾਂ ਪਹਿਨੀਆਂ। ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। ਸੰਗਤਾਂ ਅੰਦਰ ਬੀਰ ਰਸ ਪੈਦਾ ਕਰਨ ਲਈ ਗੁਰੂ ਜੀ ਨੇ ਮਸੰਦਾਂ ਤੇ ਸਿੱਖ ਸੰਗਤਾਂ ਦੇ ਨਾਮ ਹੁਕਮਨਾਮੇ ਘੱਲੇ ਕਿ ਉਹ ਆਪਣੇ ਨਾਲ ਸ਼ਸਤਰ, ਘੋੜੇ ਤੇ ਹੋਰ ਫ਼ੌਜੀ ਸਮਾਨ ਲੈ ਕੇ ਆਉਣ। ਸਤਿਗੁਰ ਜੀ ਤੇ ਸਿੱਖ, ਜੰਗਲਾਂ ਵਿਚ ਸ਼ਿਕਾਰ ਖੇਡਣ ਜਾਣ ਲੱਗੇ। ਸਿੱਖਾਂ ਨੂੰ ਘੋੜ-ਸਵਾਰੀ ਤੇ ਸ਼ਸਤਰ ਵਿਦਿਆ ਦੀ ਸਿਖਲਾਈ ਦਿੱਤੀ ਜਾਣ ਲੱਗੀ। ਅਨੇਕਾਂ ਮੁਸਲਮਾਨ ਵੀ ਹਾਕਮਾਂ ਦੇ ਅਤਿਆਚਾਰਾਂ ਤੋਂ ਤੰਗ ਆ ਕੇ ਗੁਰੂ ਜੀ ਦੀ ਬਣ ਰਹੀ ਨਵੀਂ ਫ਼ੌਜ ਵਿਚ ਭਰਤੀ ਹੋਣ ਲੱਗੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖ਼ਤ ਬਣਵਾਇਆ। ਇਹ ਐਸਾ ਤਖ਼ਤ ਹੈ, ਜਿਸ ਦੇ ਦਰਸ਼ਨ ਕਰਨ ਨਾਲ ਹੀ ਸਿੱਖ ਦੇ ਹਿਰਦੇ ਵਿਚ ਰਾਜਸੀ ਠਾਠ ਦਾ ਪ੍ਰਭਾਵ ਪੈਦਾ ਹੋ ਜਾਂਦਾ ਹੈ। ਅਕਾਲ ਤਖ਼ਤ ਤੇ ਕਸਰਤਾਂ ਹੋਣ ਲੱਗੀਆਂ। ਢਾਡੀ, ਯੋਧਿਆਂ ਦੀਆਂ ਵਾਰਾਂ ਗਾ ਕੇ ਬੀਰ ਰਸ ਪੈਦਾ ਕਰਨ ਲੱਗੇ। ਸਤਿਗੁਰੂ ਜੀ ਨੇ ਆਪ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਕੇ ਬੀਰ-ਰਸ ਨਾਲ ਭਰਪੂਰ ਵਖਿਆਨ ਦਿੱਤੇ।

ਲੋਕਾਂ ਵਿਚ ਨਵੀਂ ਜਾਗਰਤੀ ਲਿਆਉਣ ਲਈ ਗੁਰੂ ਜੀ ਨੇ ਦੁਆਬੇ ਦੇ ਪਿੰਡਾਂ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਕਰਤਾਰਪੁਰ ਦੇ ਨੇੜੇ ਕਈ ਪਠਾਣਾਂ ਨੇ ਆਪਣੇ ਆਪ ਨੂੰ ਗੁਰੂ ਜੀ ਦੀ ਭੇਟਾ ਕੀਤਾ। ਪੈਂਦੇ ਖ਼ਾਨ ਵੀ ਇਹਨਾਂ ਪਠਾਣਾਂ ਵਿਚੋਂ ਇਕ ਸੀ। ਫਿਰ ਮਾਲਵੇ ਦੇ ਇਲਾਕੇ ਵਿਚ ਗਏ। ਪਿੰਡ ਡਰੋਲੀ ਵਿਖੇ ਭਾਈ ਸਾਧੂ ਆਪ ਦਾ ਸਿੱਖ ਬਣਿਆ। ਸੰਨ 1616 ਵਿਚ ਆਪ ਕਸ਼ਮੀਰ ਗਏ। ਉਥੇ ਕਸ਼ਮੀਰੀ, ਗਰੀਬੀ ਤੇ ਭੁੱਖ ਦੇ ਕਾਰਨ ਦੁਖੀ ਸਨ। ਸਤਿਗੁਰੂ ਜੀ ਨੇ ਆ ਰਹੀ ਦਸਵੰਧ ਦੀ ਮਾਇਆ ਦੁਖੀ ਲੋਕਾਂ ਤੇ ਖਰਚ ਕੀਤੀ। ਜਿਸ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਸਿੱਖ ਬਣੇ, ਜਿਨ੍ਹਾਂ ਵਿਚ ਭਾਈ ਕੱਟੂ ਦਾ ਨਾਮ ਪ੍ਰਸਿੱਧ ਹੈ। ਵਾਪਸੀ ਤੇ ਗੁਰੂ ਜੀ ਬਾਰਾਮੂਲੇ ਦੇ ਰਸਤੇ ਗੁਜਰਾਤ, ਵਜ਼ੀਰਾਬਾਦ ਤੇ ਹਾਫਜ਼ਾਬਾਦ ਹੁੰਦੇ ਹੋਏ ਨਨਕਾਣਾ ਸਾਹਿਬ ਪੁੱਜੇ। ਫਿਰ ਆਪ ਲਾਹੌਰ ਆਏ। ਲਾਹੌਰ ਵਿਚ ਗਿਲ੍ਹਟੀ ਤਾਪ ਜ਼ੋਰਾਂ ਤੇ ਸੀ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਪਿਤਾ ਜੀ ਵਾਂਗ ਲਾਹੌਰ ਰਹਿ ਕੇ ਦੁਖੀਆਂ ਦੀ ਸੇਵਾ ਕੀਤੀ। ਸੰਨ 1618 ਵਿਚ ਗੁਰੂ ਜੀ ਵਾਪਸ ਅੰਮ੍ਰਿਤਸਰ ਆ ਗਏ।

ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਤਾਕਤ ਆਪਣੀ ਬਾਦਸ਼ਾਹੀ ਵਾਸਤੇ ਭਾਰੀ ਖਤਰੇ ਵਾਲੀ ਜਾਪੀ। ਆਗਰੇ ਤੋਂ ਜਹਾਂਗੀਰ ਨੇ ਹੁਕਮ ਜਾਰੀ ਕੀਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਜਾਏ। ਐਸਾ ਹੀ ਕੀਤਾ ਗਿਆ। ਗੁਰੂ ਜੀ ਨੇ ਕਿਲ੍ਹੇ ਵਿਚ ਪੁੱਜ ਕੇ ਕੈਦ ਕੀਤੇ ਹੋਏ ਹਿੰਦੂ ਰਾਜਿਆਂ ਨੂੰ ਹੌਂਸਲਾ ਦਿੱਤਾ। ਸਾਰੇ ਅਹਿਲਕਾਰਾਂ ਤੇ ਗੁਰੂ ਜੀ ਨੇ ਅਨੋਖਾ ਪ੍ਰਭਾਵ ਕਾਇਮ ਕਰ ਲਿਆ। ਸਾਰੇ ਗੁਰੂ ਜੀ ਦੇ ਸਿਦਕੀ ਸਿੱਖ ਬਣਨ ਲੱਗੇ। ਥਾਂ-ਥਾਂ ਤੋਂ ਜੱਥੇ ਬਣਾ ਕੇ ਸਿੱਖ ਗਵਾਲੀਅਰ ਪਹੁੰਚਦੇ, ਪਰ ਮੁਲਾਕਾਤ ਦੀ ਆਗਿਆ ਨਹੀਂ ਸੀ। ਸਤਿਗੁਰੂ ਜੀ ਦੀ ਕੈਦ ਦੇ ਵਿਰੁੱਧ ਸਿੱਖਾਂ ਤੇ ਗੁਰੂ ਘਰ ਦੇ ਪ੍ਰੇਮੀਆਂ ਤੋਂ ਇਲਾਵਾ ਕਈ ਨੇਕ ਦਿਲ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ। ਜਿਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਜੀ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਗਿਆ। ਗੁਰੂ ਜੀ ਨੇ ਆਪਣੇ ਨਾਲ 52 ਹੋਰ ਰਾਜਿਆਂ ਨੂੰ ਵੀ ਰਿਹਾਅ ਕਰਾਇਆ, ਜਿਸ ਤੋਂ ਆਪ ਦਾ ਨਾਮ 'ਬੰਦੀ ਛੋੜ ਦਾਤਾ' ਪੈ ਗਿਆ।

ਜਹਾਂਗੀਰ ਨੇ ਗੁਰੂ ਜੀ ਨਾਲ ਚੰਗੇ ਸੰਬੰਧ ਕਾਇਮ ਕਰਨ ਦਾ ਯਤਨ ਕੀਤਾ। ਚੰਦੂ ਨੂੰ ਸਿੱਖ ਸੰਗਤਾਂ ਦੇ ਹਵਾਲੇ ਕੀਤਾ ਗਿਆ। ਚੰਦੂ ਨੂੰ ਲਾਹੌਰ ਦੇ ਬਜ਼ਾਰਾਂ ਵਿੱਚ ਫੇਰਿਆ ਗਿਆ। ਗੁਰਦਿਤੇ ਭੜਭੂੰਜੇ, ਜਿਸ ਨੇ ਚੰਦੂ ਦੇ ਆਖੇ ਲੱਗ ਕੇ ਗੁਰੂ ਅਰਜਨ ਦੇਵ ਜੀ ਉੱਤੇ ਤੱਤੀ ਰੇਤ ਪਾਈ ਸੀ, ਨੇ ਇਸ ਪਾਪੀ ਨੂੰ ਕੜਛਾ ਮਾਰ ਕੇ ਮਾਰ ਦਿੱਤਾ। ਸਿੱਖੀ ਪ੍ਰਚਾਰ ਫਿਰ ਜ਼ੋਰਾਂ ਤੇ ਹੋ ਗਿਆ। ਲਾਹੌਰ ਦੇ ਕਾਜ਼ੀ

ਰੁਸਤਮ ਖਾਂ ਦੀ ਲੜਕੀ ਬੀਬੀ ਕੌਲਾਂ ਨੇ ਗੁਰੂ ਜੀ ਦੀ ਸਿੱਖੀ ਧਾਰਨ ਕਰ ਲਈ। ਬੀਬੀ ਕੌਲਾਂ ਦੀ ਯਾਦ ਵਿੱਚ ਗੁਰੂ ਜੀ ਨੇ ਕੌਲਸਰ ਸਰੋਵਰ ਬਣਵਾਇਆ। ਅੰਮ੍ਰਿਤਸਰ ਵਿਖੇ ਇਕ ਹੋਰ ਸਰੋਵਰ ਬਿਬੇਕਸਰ ਵੀ ਆਪ ਜੀ ਨੇ ਹੀ ਬਣਵਾਇਆ ਸੀ।

ਜਹਾਂਗੀਰ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖ਼ਤ ਤੇ ਬੈਠਾ। ਇਹ ਬੜਾ ਕੱਟੜ ਤੇ ਸ਼ਰੱਈ ਬਾਦਸ਼ਾਹ ਸੀ। ਇਸ ਨੇ ਮੁਸਲਮਾਨਾਂ ਵਾਸਤੇ ਧਰਮ ਤਬਦੀਲੀ ਦੀ ਆਪਣੇ ਹੁਕਮ ਰਾਹੀਂ ਮਨਾਹੀ ਕਰ ਦਿੱਤੀ। ਲਾਹੌਰ ਡੱਬੀ ਬਾਜ਼ਾਰ ਵਿਚ ਬਣਾਈ ਬਾਉਲੀ ਪੂਰ ਕੇ ਮਸੀਤ ਬਣਾ ਦਿੱਤੀ। ਸਿੱਖਾਂ ਦੇ ਮਨਾਂ ਵਿਚ ਜੋਸ਼ ਭੜਕ ਉਠਿਆ। ਕੌਮ ਦੀ ਤਿਆਰੀ ਤਾਂ ਹੋ ਹੀ ਚੁੱਕੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਫ਼ੌਜਾਂ ਨਾਲ ਚਾਰ ਜੰਗ ਲੜੇ। ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ। ਜੰਗਾਂ ਉਪਰੰਤ ਆਪ ਫਿਰ ਸਿੱਖੀ ਦੇ ਪਰਚਾਰ ਵਿਚ ਰੁੱਝ ਗਏ।

ਆਪ ਜੀ ਦੇ ਪੰਜ ਸਪੁੱਤਰ ਸਨ : 1. ਬਾਬਾ ਗੁਰਦਿੱਤਾ ਜੀ, 2. ਬਾਬਾ ਸੂਰਜ ਮੱਲ ਜੀ, 3. ਬਾਬਾ ਅਣੀ ਰਾਇ ਜੀ, 4. ਬਾਬਾ ਅਟੱਲ ਰਾਇ ਜੀ, 5. (ਗੁਰੂ) ਤੇਗ ਬਹਾਦਰ ਜੀ। ਆਪ ਦੀ ਇਕ ਸਪੁੱਤਰੀ ਸੀ—ਬੀਬੀ ਵੀਰੋ ਜੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਗੁਰੂ ਹਰਿ ਰਾਇ ਸਾਹਿਬ ਨੂੰ ਸੌਂਪ ਦਿੱਤੀ। ਆਪ 3 ਮਾਰਚ, ਸੰਨ 1644 ਨੂੰ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾ ਗਏ।

## 18. ਸੱਚਾ ਪਾਤਸ਼ਾਹ

ਉਂਞ ਤਾਂ ਜਹਾਂਗੀਰ ਬਾਦਸ਼ਾਹ ਨੂੰ ਸਿੱਖ ਧਰਮ ਦੀਆਂ ਕਈ ਗੱਲਾਂ ਚੰਗੀਆਂ ਨਹੀਂ ਸਨ ਲਗਦੀਆਂ। ਪਰ ਇਕ ਗੱਲ ਉਸਨੂੰ ਬਹੁਤ ਚੁਭਦੀ ਸੀ ਕਿ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਿੱਖ ਸੱਚਾ-ਪਾਤਸ਼ਾਹ ਕਿਉਂ ਕਹਿੰਦੇ ਹਨ।

ਉਸ ਨੇ ਇਕ ਵਾਰੀ ਗੁਰੂ ਸਾਹਿਬ ਤੋਂ ਇਸ ਬਾਰੇ ਪੁੱਛਿਆ ਵੀ ਸੀ। ਗੁਰੂ ਜੀ ਨੇ ਕਿਹਾ ਸੀ ਕਿ ਸਮਾਂ ਆਉਣ ਤੇ ਇਸ ਦਾ ਉੱਤਰ ਤੈਨੂੰ ਆਪਣੇ ਹੀ ਮਿਲ ਜਾਵੇਗਾ। ਬਾਦਸ਼ਾਹ ਉਸ ਵੇਲੇ ਤਾਂ ਚੁੱਪ ਕਰ ਰਿਹਾ ਪਰ ਅੰਦਰੋਂ-ਅੰਦਰ ਉਸਨੂੰ ਇਹ ਗੱਲ ਬੜੀ ਰੜਕਦੀ ਰਹੀ ਕਿ ਮੈਂ ਸਾਰੇ ਹਿੰਦੁਸਤਾਨ ਦਾ ਮਾਲਕ ਹਾਂ, ਮੈਨੂੰ ਤਾਂ ਲੋਕੀ ਬਾਦਸ਼ਾਹ ਕਹਿਣ, ਪਰ ਇਹ ਇਕ ਫਕੀਰ ਦੀ ਗੱਦੀ ਤੇ ਬੈਠਣ ਵਾਲਾ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਿਲਾਏ। ਇਸ ਦਾ ਮਤਲਬ ਅਸੀਂ ਝੂਠੇ ਪਾਤਸ਼ਾਹ ਹੋਏ।

ਇਕ ਵਾਰ ਆਗਰੇ ਦੇ ਨੇੜੇ ਜੰਗਲ ਵਿਚ ਜਹਾਂਗੀਰ ਅਤੇ ਗੁਰੂ ਸਾਹਿਬ ਸ਼ਿਕਾਰ ਖੇਡ ਰਹੇ ਸਨ। ਗਰਮੀਆਂ ਦੀ ਦੁਪਹਿਰ ਨੂੰ ਆਰਾਮ ਕਰਨ ਲਈ ਗੁਰੂ ਸਾਹਿਬ ਅਤੇ ਜਹਾਂਗੀਰ ਆਪਣੇ ਵੱਖ-ਵੱਖ ਤੰਬੂਆਂ ਵਿਚ ਚਲੇ ਗਏ।

ਆਗਰੇ ਵਿਚ ਇਕ ਗੁਰੂ ਕਾ ਸਿੱਖ ਘਾਹ ਵੇਚ ਕੇ ਗੁਜ਼ਾਰਾ ਕਰਿਆ ਕਰਦਾ ਸੀ। ਉਸ ਨੇ ਛੇਵੇਂ ਪਾਤਸ਼ਾਹ ਦੇ ਅੱਗੇ ਦਰਸ਼ਨ ਨਹੀਂ ਸਨ ਕੀਤੇ, ਪਰ ਉਸ ਦੇ ਅੰਦਰ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਲਾਲਸਾ ਬੜੀ ਸੀ। ਜਦੋਂ ਉਸ ਨੇ ਸੁਣਿਆ ਕਿ ਗੁਰੂ ਸਾਹਿਬ ਨਾਲ ਦੇ ਜੰਗਲ ਵਿਚ ਆ ਰਹੇ ਹਨ ਤਾਂ ਉਸਨੂੰ ਚਾਅ ਚੜ੍ਹ ਗਿਆ।

ਉਸ ਨੇ ਗੁਰੂ ਸਾਹਿਬ ਦੇ ਘੋੜੇ ਲਈ ਸੁਹਣਾ ਸੁਹਣਾ ਘਾਹ ਇਕੱਠਾ ਕੀਤਾ ਅਤੇ ਇਕ ਟਕਾ (ਦੋ ਪੈਸੇ) ਜੋ ਉਸ ਕੋਲ ਸੀ, ਮੱਥਾ ਟੇਕਣ ਲਈ ਲੈ ਕੇ ਦਰਸ਼ਨਾਂ ਲਈ ਤੁਰ ਪਿਆ।

ਤੰਬੂਆਂ ਦੇ ਨੇੜੇ ਜਾ ਕੇ ਉਸ ਨੇ ਇਕ ਸਿਪਾਹੀ ਤੋਂ 'ਸੱਚੇ ਪਾਤਸ਼ਾਹ' ਦਾ ਤੰਬੂ ਪੁੱਛਿਆ। ਸਿਪਾਹੀ 'ਸੱਚਾ-ਪਾਤਸ਼ਾਹ' ਸ਼ਬਦ ਸੁਣ ਕੇ ਪਹਿਲਾਂ ਤਾਂ ਹੈਰਾਨ ਹੋਇਆ ਪਰ ਫਿਰ ਉਸ ਨੇ ਜਹਾਂਗੀਰ ਦੇ ਤੰਬੂ ਵੱਲ ਇਸ਼ਾਰਾ ਕਰ ਦਿੱਤਾ।

ਸਿੱਖ, ਘਾਹ ਦੀ ਪੰਡ ਸਮੇਤ ਤੰਬੂ ਅੰਦਰ ਜਾਣਾ ਚਾਹੁੰਦਾ ਸੀ, ਪਰ ਬਾਹਰ ਖੜ੍ਹਾ ਪਹਿਰੇਦਾਰ ਸਿਪਾਹੀ, ਪੰਡ ਬਾਹਰ ਰੱਖ ਕੇ ਅੰਦਰ ਜਾਣ ਲਈ ਜ਼ੋਰ ਦੇ ਰਿਹਾ ਸੀ। ਸਿੱਖ ਕਹਿੰਦਾ ਸੀ ਕਿ ਇਹ ਘਾਹ ਹੀ ਤਾਂ ਮੈਂ ਭੇਟਾ ਕਰਨਾ ਹੈ! ਪਰ ਸਿਪਾਹੀ ਮੰਨਦਾ ਨਹੀਂ ਸੀ। ਇਨ੍ਹਾਂ ਦੋਹਾਂ ਦੀ ਗੱਲ-ਬਾਤ ਅੰਦਰ ਬੈਠਾ ਜਹਾਂਗੀਰ ਸੁਣ ਰਿਹਾ ਸੀ। ਉਸਨੇ ਸਿੱਖ ਨੂੰ ਉਸੇ ਤਰ੍ਹਾਂ ਅੰਦਰ ਭੇਜਣ ਲਈ ਸਿਪਾਹੀ ਨੂੰ ਕਹਿ ਦਿੱਤਾ।

ਸਿੱਖ ਨੇ ਅੰਦਰ ਜਾ ਕੇ, ਘਾਹ ਇਕ ਪਾਸੇ ਰੱਖ ਕੇ ਬਾਦਸ਼ਾਹ ਅੱਗੇ ਟਕਾ ਮੱਥਾ ਟੇਕਿਆ ਅਤੇ ਪਿਆਰ ਅਤੇ ਸ਼ਰਧਾ ਨਾਲ ਹੱਥ ਜੋੜ ਕੇ ਬੇਨਤੀ ਕੀਤੀ :

"ਸੱਚੇ ਪਾਤਸ਼ਾਹ! ਦਰਸ਼ਨਾਂ ਦੀ ਬੜੀ ਦੇਰ ਤੋਂ ਲਾਲਸਾ ਸੀ। ਬੜੀ ਮਿਹਰ ਕੀਤੀ ਜੇ, ਦਰਸ਼ਨ ਦਿੱਤੇ ਨੇ। ਹੁਣ ਕਿਰਪਾ ਕਰੋ ਜਨਮ-ਮਰਨ ਦਾ ਗੇੜ ਵੀ ਕੱਟ ਦਿਓ।"

'ਸੱਚਾ-ਪਾਤਸ਼ਾਹ' ਸ਼ਬਦ ਸੁਣ ਕੇ ਜਹਾਂਗੀਰ ਝੱਟ ਸਮਝ ਗਿਆ ਕਿ ਇਹ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲਣ ਆਇਆ ਹੈ। ਪਹਿਲਾਂ ਕਿਤੇ ਦਰਸ਼ਨ ਨਹੀਂ ਕੀਤੇ ਹੋਣੇ, ਇਸ ਲਈ ਮੈਨੂੰ ਹੀ ਗੁਰੂ ਸਮਝ ਰਿਹਾ ਹੈ। ਪਰ ਸਿੱਖ ਦਾ ਪਿਆਰ ਤੇ ਸ਼ਰਧਾ ਭਰੀ ਬੇਨਤੀ ਦਾ ਬਾਦਸ਼ਾਹ ਉੱਤੇ ਬੜਾ ਪ੍ਰਭਾਵ ਪਿਆ। ਉਸ ਨੇ ਕਿਹਾ, 'ਸਿੱਖਾ! ਮੈਂ ਤੇਰੇ ਤੇ ਬਹੁਤ ਖੁਸ਼ ਹਾਂ। ਮੈਂ ਸਾਰੇ ਹਿੰਦੁਸਤਾਨ ਦਾ

ਬਾਦਸ਼ਾਹ ਜਹਾਂਗੀਰ ਹਾਂ, ਜੋ ਤੂੰ ਮੂੰਹੋਂ ਮੰਗੇਂ ਮੈਂ ਤੈਨੂੰ ਦੇਣ ਲਈ ਤਿਆਰ ਹਾਂ। ਜੇ ਕਹੇਂ ਤਾਂ ਕੋਈ ਜਗੀਰ ਤੇਰੇ ਨਾਂ ਲਵਾ ਦਿਆਂ ਤਾਂ ਕਿ ਤੂੰ ਆਪਣਾ ਜੀਵਨ ਸੁਖ ਨਾਲ ਗੁਜ਼ਾਰੇਂ। ਇਹ ਜਨਮ ਮਰਨ ਦੀਆਂ ਗੱਲਾਂ ਐਵੇਂ ਹੀ ਹਨ, ਤੂੰ ਇਨ੍ਹਾਂ ਨੂੰ ਛੱਡ ਦੇ।"

ਸਿੱਖ ਨੂੰ ਅੰਦਰ ਆਉਣ ਸਮੇਂ ਹੀ ਕੁਝ ਥੋੜ੍ਹਾ ਜਿਹਾ ਭਰਮ ਮਹਿਸੂਸ ਹੋਇਆ ਸੀ। ਜਦ ਉਸ ਜਹਾਂਗੀਰ ਸ਼ਬਦ ਸੁਣਿਆ ਤਾਂ ਝੱਟ ਬੋਲ ਉਠਿਆ :

"ਉਹ! ਮੈਂ ਭੁੱਲ ਗਿਆ, ਮੈਂ ਤਾਂ ਸੱਚੇ ਪਾਤਸ਼ਾਹ ਨੂੰ ਮਿਲਣਾ ਸੀ। ਸੱਚਾ ਪਾਤਸ਼ਾਹ ਹੀ ਜਨਮ ਮਰਨ ਦਾ ਗੇੜ ਮਿਟਾ ਸਕਦਾ ਹੈ। ਉਹੋ ਹੀ ਇਹ ਲੋਕ ਅਤੇ ਅਗਲੇ ਲੋਕ (ਪਰਲੋਕ) ਦਾ ਅਸਲੀ ਮਾਲਕ ਹੈ।"

ਸਿੱਖ ਕਹੀ ਗਿਆ : "ਬਾਦਸ਼ਾਹ! ਮੈਂ ਇਸ ਦੁਨੀਆਂ ਦੇ ਪਦਾਰਥਾਂ ਨੂੰ ਕੀ ਕਰਨਾ ਹੈ ? ਇਨ੍ਹਾਂ ਨਾਲ ਤਾਂ ਮਨ ਦੀ ਭਟਕਣਾ ਹੋਰ ਵਧਦੀ ਹੈ। ਸੱਚਾ ਸੁਖ ਤਾਂ ਪ੍ਰਭੂ ਦੇ ਨਾਮ ਵਿਚ ਹੀ ਹੈ। ਇਹ ਕਹਿ ਕੇ ਸਿੱਖ ਨੇ ਬਾਦਸ਼ਾਹ ਦੇ ਅੱਗੋਂ ਟਕਾ ਚੁੱਕ ਲਿਆ, ਘਾਹ ਦੀ ਪੰਡ ਵੀ ਚੁੱਕ ਲਈ ਤੇ ਬਾਹਰ ਆ ਗਿਆ। ਬਾਹਰ ਸਿਪਾਹੀ ਨੇ ਘਾਹ ਦੇਣ ਲਈ ਬੜਾ ਜ਼ੋਰ ਲਾਇਆ ਪਰ ਸਿੱਖ ਨੇ ਇਕ ਨਾ ਸੁਣੀ। ਉਹ ਸਿੱਧਾ ਸੜਕੋਂ ਪਾਰ 'ਸੱਚੇ ਪਾਤਸ਼ਾਹ' ਦੇ ਤੰਬੂ ਵੱਲ ਚਲਾ ਗਿਆ।

ਜਹਾਂਗੀਰ ਕੋਲੋਂ ਰਿਹਾ ਨਾ ਗਿਆ। ਉਹ ਵੀ ਉਸ ਦੇ ਮਗਰ ਹੋ ਤੁਰਿਆ ਤਾਂ ਕਿ ਦੇਖੇ ਕਿ ਕਿਸ ਤਰ੍ਹਾਂ ਸੱਚਾ-ਪਾਤਸ਼ਾਹ ਕਹਿਲਾਉਣ ਵਾਲਾ ਗੁਰੂ, ਸਿੱਖ ਨੂੰ ਖ਼ੁਸ਼ ਕਰਦਾ ਹੈ।

ਸਿੱਖ ਨੇ ਗੁਰੂ ਸਾਹਿਬ ਦੇ ਤੰਬੂ ਅੰਦਰ ਜਾ ਕੇ ਇਕ ਪਾਸੇ ਘਾਹ ਰੱਖਿਆ ਅਤੇ ਟਕਾ ਮੱਥਾ ਟੇਕ ਕੇ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕਰਨ ਲੱਗਾ :

"ਸੱਚੇ ਪਾਤਸ਼ਾਹ! ਮੈਂ ਤਾਂ ਭੁੱਲ ਗਿਆ ਸੀ। ਆਪ ਜੀ ਨੇ ਬੜੀ ਮਿਹਰ ਕੀਤੀ, ਛੇਤੀ ਹੀ ਰਾਹ ਪਾ ਦਿੱਤਾ। ਜੇ ਮੈਂ ਜਾਗੀਰ ਦੇ ਲਾਲਚ ਵਿਚ ਫਸ ਜਾਂਦਾ ਜਾਂ ਉਸ ਦਾ ਡਰ ਮੰਨ ਜਾਂਦਾ ਤਾਂ ਆਪ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋ ਸਕਦੇ ਸਨ ਅਤੇ ਸ਼ਾਂਤੀ ਕਿਸ ਤਰ੍ਹਾਂ ਮਿਲਣੀ ਸੀ ?" ਉਹ ਸ਼ਰਧਾ ਤੇ ਪਿਆਰ ਵਿਚ ਕਹੀ ਗਿਆ :

"ਸੱਚੇ ਪਾਤਸ਼ਾਹ! ਤੁਸੀਂ ਮਿਹਰ ਕੀਤੀ, ਦਰਸ਼ਨ ਬਖਸ਼ੇ ਜੇ। ਹੁਣ ਕਿਰਪਾ ਕਰੋ ਜਨਮ ਮਰਨ ਦਾ ਗੇੜ ਵੀ ਮੁਕਾ ਦਿਉ। ਕਾਮ, ਕਰੋਧ, ਲੋਭ, ਮੋਹ, ਹੰਕਾਰ ਤੋਂ ਬਚਾ ਲਵੋ।"

ਅੰਤਰਜਾਮੀ ਸਤਿਗੁਰੂ ਜਾਣਦੇ ਸਨ ਕਿ ਇਹ ਘਾਹ ਵੇਚ ਕੇ ਗੁਜ਼ਾਰਾ ਕਰਨ

ਵਾਲਾ ਸਿੱਖ ਲੋਕਾਂ ਦੀ ਨਜ਼ਰ ਵਿਚ ਭਾਵੇਂ ਗਰੀਬ ਹੈ, ਪਰ ਉੱਚੀ ਆਤਮਕ ਅਵੱਸਥਾ ਵਾਲਾ ਹੋਣ ਕਰਕੇ ਸੱਚਾ ਅਮੀਰ ਹੈ।(ਗੁਰਬਾਣੀ ਅਨੁਸਾਰ ਉਹ ਮਨੁੱਖ ਗਰੀਬ ਹੈ ਜਿਸ ਦੇ ਅੰਦਰ ਪ੍ਰਭੂ ਦਾ ਨਾਮ ਨਹੀਂ)।

ਗੁਰੂ ਸਾਹਿਬ ਜਾਣਦੇ ਸਨ ਕਿ ਇਹ ਗੁਰੂ ਕਾ ਸਿੱਖ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਵਾਲਾ ਹੈ; ਗੁਰੂ ਦੀ ਦੱਸੀ ਹੋਈ ਰਹਿਤ ਵਿਚ ਰਹਿੰਦਾ ਹੈ, ਠੱਗੀ ਬੇਈਮਾਨੀ ਦੀ ਕਮਾਈ ਨਾਲੋਂ ਨੇਕ ਕਮਾਈ ਨਾਲ ਸੁੱਕੀ ਰੋਟੀ ਖਾਣੀ ਠੀਕ ਸਮਝਦਾ ਹੈ ਅਤੇ ਹੱਥ ਕਾਰ (ਕੰਮ) ਵੱਲ, ਦਿਲ ਕਰਤਾਰ (ਪ੍ਰਭੂ) ਵੱਲ ਰੱਖਦਾ ਹੋਇਆ ਸੇਵਾ, ਸਬਰ ਤੇ ਸ਼ਾਂਤੀ ਵਿਚ ਰਹਿੰਦਾ ਹੈ। ਇਸ ਕਰਕੇ ਗੁਰੂ ਸਾਹਿਬ ਉਸ ਉੱਤੇ ਬੜੇ ਪ੍ਰਸੰਨ ਹੋਏ ਅਤੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਤੇਰੀਆਂ ਸਾਰੀਆਂ ਖਾਹਸ਼ਾਂ ਪੂਰੀਆਂ ਕਰਨਗੇ। ਜਹਾਂਗੀਰ ਨੂੰ ਅਸਲੀਅਤ ਦੀ ਸਮਝ ਆ ਗਈ ਕਿ ਗੁਰੂ ਹਰਿਗੋਬਿੰਦ ਸਾਹਿਬ ਸੱਚ-ਮੁੱਚ ਹੀ ਸੱਚਾ ਪਾਤਸ਼ਾਹ ਹਨ।

**ਸਿਖਿਆ** : ਸਿੱਖ ਦਾ ਸਿਰ ਆਪਣੇ ਗੁਰੂ ਅੱਗੇ ਹੀ ਝੁਕਦਾ ਹੈ, ਹੋਰ ਕਿਸੇ ਅੱਗੇ ਨਹੀਂ। ਸਿੱਖ ਆਪਣੇ ਗੁਰੂ ਦੇ ਮੁਕਾਬਲੇ ਦੁਨਿਆਵੀ ਪਾਤਸ਼ਾਹਾਂ ਨੂੰ ਕੁਝ ਵੀ ਨਹੀਂ ਸਮਝਦਾ। ਉਸ ਲਈ ਸਤਿਗੁਰੂ ਦੀ ਪ੍ਰਸੰਨਤਾ ਦੇ ਸਾਹਮਣੇ ਸੰਸਾਰਕ ਵਸਤਾਂ ਦੀ ਕੋਈ ਕੀਮਤ ਨਹੀਂ।

## 19. ਭਾਈ ਤਿਲਕਾ ਜੀ

ਭਾਈ ਤਿਲਕਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦਾ ਸਿੱਖ ਸੀ। ਉਹ ਬੜਾ ਮਿੱਠ ਬੋਲੜਾ ਤੇ ਗਿਆਨਵਾਨ ਸਿੱਖ ਸੀ। ਭਾਈ ਤਿਲਕਾ ਦ੍ਰਿੜ ਇਰਾਦੇ ਵਾਲਾ ਤੇ ਸਰੀਰ ਕਰਕੇ ਵੀ ਬਲਵਾਨ ਸੀ। ਉਹ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਰਹਿਣ ਵਾਲਾ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਕੋਲੋਂ ਚਰਨ ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ ਸੀ। ਗੁਰੂ ਹਰਿਗੋਬਿੰਦ ਜੀ ਨੇ ਭਾਈ ਤਿਲਕਾ ਜੀ ਨੂੰ ਸਿੱਖੀ ਦਾ ਪਰਚਾਰਕ ਨਿਯਤ ਕੀਤਾ ਸੀ। ਨਗਰ ਦੇ ਲੋਕ ਭਾਈ ਸਾਹਿਬ ਦੇ ਜੀਵਨ ਤੋਂ ਬਹੁਤ ਪ੍ਰਭਾਵਤ ਸਨ।

ਭਾਈ ਸਾਹਿਬ ਦੇ ਨੇੜੇ ਹੀ ਇਕ ਵੱਡੀ ਉਮਰ ਵਾਲੇ ਜੋਗੀ ਦਾ ਡੇਰਾ ਸੀ। ਜਿਵੇਂ-ਜਿਵੇਂ ਭਾਈ ਸਾਹਿਬ ਜੀ ਗੁਰਮਤਿ ਦਾ ਪਰਚਾਰ ਕਰ ਰਹੇ ਸਨ, ਜੋਗੀ ਦੀ ਮਾਨਤਾ ਲੋਕਾਂ ਅੰਦਰ ਘਟਦੀ ਜਾ ਰਹੀ ਸੀ। ਇਸ ਕਰਕੇ ਜੋਗੀ ਆਪਣੇ ਮਨ ਅੰਦਰ ਹਰ ਸਮੇਂ ਸੜਦਾ ਭੁਜਦਾ ਰਹਿੰਦਾ ਸੀ। ਜੋਗੀ ਬਥੇਰੇ ਪਖੰਡ ਕਰਕੇ ਲੋਕਾਂ ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਦਾ ਪਰੰਤੂ ਸਿੱਖ ਧਰਮ ਦੇ ਸੁੰਦਰ ਅਸੂਲਾਂ ਸਾਹਮਣੇ

ਉਸ ਦੀ ਪੇਸ਼ ਨਹੀਂ ਸੀ ਜਾਂਦੀ।

ਇਕ ਦਿਨ ਜੋਗੀ ਨੇ ਇਕ ਨਵਾਂ ਪਖੰਡ ਰਚਿਆ। ਉਸਨੇ ਆਪਣੇ ਚੇਲਿਆਂ ਰਾਹੀਂ ਇਹ ਗੱਲ ਫੈਲਾ ਦਿੱਤੀ ਕਿ ਰਾਤੀਂ ਜੋਗੀ ਨੂੰ ਸ਼ਿਵ ਜੀ ਨੇ ਦਰਸ਼ਨ ਦਿੱਤੇ ਹਨ ਤੇ ਕਿਹਾ ਹੈ ਕਿ ਜਿਹੜਾ ਜੋਗੀ ਦੇ ਦਰਸ਼ਨ ਕਰੇਗਾ, ਉਸਨੂੰ ਇਕ ਸਾਲ ਲਈ ਸਵੱਰਗ ਪ੍ਰਾਪਤ ਹੋਵੇਗਾ।

ਸਾਰੇ ਇਲਾਕੇ ਵਿਚ ਇਹ ਖ਼ਬਰ ਫੈਲ ਗਈ। ਵਿਚਾਰੇ ਭੋਲੇ-ਭਾਲੇ, ਗਿਆਨ ਤੋਂ ਸੱਖਣੇ ਲੋਕ ਜੋਗੀ ਦੀ ਚਾਲ ਵਿਚ ਫਸ ਗਏ। ਭਾਰੀ ਗਿਣਤੀ ਵਿਚ ਲੋਕ ਜੋਗੀ ਦੇ ਦਰਸ਼ਨ ਕਰਨ ਆਉਣ ਲੱਗੇ, ਪਰ ਗੁਰਬਾਣੀ ਸਮਝਣ ਵਾਲਿਆਂ ਉੱਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ।

ਜੋਗੀ ਨੇ ਆਪਣੇ ਏਜੰਟਾਂ ਰਾਹੀਂ, ਭਾਈ ਤਿਲਕਾ ਜੀ ਨੂੰ ਸੁਨੇਹਾ ਭੇਜਿਆ ਕਿ ਆ ਕੇ ਜੋਗੀ ਦੇ ਦਰਸ਼ਨ ਕਰੋ ਤੇ ਇਕ ਸਾਲ ਲਈ ਸਵੱਰਗ ਪ੍ਰਾਪਤ ਕਰ ਲਵੋ। ਭਾਈ ਸਾਹਿਬ ਤਾਂ ਪੂਰਨ ਗੁਰਸਿੱਖ ਸਨ, ਉਹਨਾਂ ਨੇ ਜੋਗੀ ਦੀ ਇਕ ਨਾ ਸੁਣੀ। ਜੋਗੀ ਨੇ ਬਥੇਰਾ ਜ਼ੋਰ ਲਾਇਆ ਕਿ ਭਾਈ ਤਿਲਕਾ ਜੀ ਆਉਣ, ਪਰ ਭਾਈ ਸਾਹਿਬ ਪਖੰਡੀ ਦੇ ਦਰਸ਼ਨ ਕਰਨ ਨਾ ਗਏ।

ਅਖੀਰ ਹਾਰ ਕੇ ਜੋਗੀ ਆਪਣੇ ਚੇਲਿਆਂ ਤੇ ਹੋਰ ਲੋਕਾਂ ਨਾਲ ਭਾਈ ਤਿਲਕਾ ਜੀ ਨੂੰ ਆਪ ਦਰਸ਼ਨ ਦੇਣ ਆਇਆ। ਜਦੋਂ ਭਾਈ ਸਾਹਿਬ ਨੂੰ ਪਤਾ ਲੱਗਾ ਕਿ ਜੋਗੀ ਉਹਨਾਂ ਵੱਲ ਆ ਰਿਹਾ ਹੈ ਤਾਂ ਭਾਈ ਜੀ ਨੇ ਅੱਗੋਂ ਦਰਵਾਜ਼ਾ ਬੰਦ ਕਰ ਲਿਆ। ਜੋਗੀ ਨੇ ਆ ਕੇ ਦਰਵਾਜ਼ਾ ਖੜਕਾਇਆ ਤੇ ਉੱਚੀ ਉੱਚੀ ਆਖਣ ਲੱਗਾ, "ਮੈਂ ਤੁਹਾਡੇ ਵਾਸਤੇ ਚੱਲ ਕੇ ਆਇਆ ਹਾਂ; ਤੁਸੀਂ ਮੇਰੇ ਦਰਸ਼ਨ ਕਰੋ ਤੇ ਸਵੱਰਗ ਪ੍ਰਾਪਤ ਕਰੋ।"

ਭਾਈ ਸਾਹਿਬ ਨੇ ਅੰਦਰੋਂ ਜੁਆਬ ਦਿੱਤਾ, "ਮੈਂ ਦਰਵਾਜ਼ਾ ਨਹੀਂ ਖੋਲ੍ਹਣਾ। ਮੈਂ ਤੇਰੇ ਵਰਗੇ ਪਖੰਡੀ ਦੀ ਸ਼ਕਲ ਵੇਖਣ ਨੂੰ ਤਿਆਰ ਨਹੀਂ। ਤੂੰ ਲੋਕਾਂ ਨੂੰ ਲੁੱਟ ਰਿਹਾ ਹੈਂ। ਮੈਂ ਗੁਰੂ ਦਾ ਸਿੱਖ ਹਾਂ। ਮੈਨੂੰ ਸਵੱਰਗ ਦੀ ਕੋਈ ਲੋੜ ਨਹੀਂ। ਅਸੀਂ ਗੁਰੂ ਦੇ ਚਰਨਾਂ ਤੋਂ ਕਈ ਸਵੱਰਗ ਵਾਰ ਸਕਦੇ ਹਾਂ।"

ਇਹ ਉੱਤਰ ਸੁਣ ਕੇ ਜੋਗੀ ਦੇ ਮਨ ਤੇ ਭਾਰੀ ਚੋਟ ਲੱਗੀ। ਜੋਗੀ ਦਾ ਅੰਦਰਲਾ ਹਿੱਲ ਗਿਆ। ਉਹ ਸੋਚਣ ਲੱਗਾ ਕਿ ਇਹ ਕੈਸਾ ਸਿੱਖ ਹੈ ਜੋ ਗੁਰੂ ਦੀ ਸਿਖਿਆ ਨੂੰ ਸਵੱਰਗ ਤੋਂ ਵੀ ਉੱਤਮ ਮੰਨਦਾ ਹੈ। ਜੇਕਰ ਇਹ ਸਿੱਖ ਇਤਨਾ ਮਹਾਨ ਹੈ ਤਾਂ ਇਸ ਦਾ ਗੁਰੂ ਕਿੰਨਾ ਮਹਾਨ ਹੋਵੇਗਾ। ਉਸ ਗੁਰੂ ਦਾ ਉਪਦੇਸ਼ ਤੇ ਬਾਣੀ ਕਿੰਨੀ ਸੱਚੀ ਹੋਵੇਗੀ ਜਿਸ ਨੂੰ ਪੜ੍ਹ ਕੇ ਮੇਰੇ ਵਰਗਿਆਂ ਦੇ ਪਖੰਡ ਦਾ ਸਾਫ਼

ਪਤਾ ਲੱਗ ਜਾਂਦਾ ਹੈ ਤੇ ਫਿਰ ਸਿੱਖ ਧੋਖਾ ਨਹੀਂ ਖਾ ਸਕਦਾ। ਜੋਗੀ ਨੇ ਗੁਰੂ ਦਾ ਵਾਸਤਾ ਪਾ ਕੇ ਦਰਵਾਜ਼ਾ ਖੋਲ੍ਹਣ ਲਈ ਬੇਨਤੀ ਕੀਤੀ ਕਿ ਮੈਂ ਵੀ ਉਸ ਗੁਰੂ ਜੀ ਦੇ ਚਰਨ ਫੜਨੇ ਹਨ ਜਿਸ ਦਾ ਤੂੰ ਸਿੱਖ ਹੈਂ। ਜੋਗੀ ਦੀ ਇਹ ਬੇਨਤੀ ਸੁਣ ਕੇ ਭਾਈ ਤਿਲਕੇ ਨੇ ਦਰਵਾਜ਼ਾ ਖੋਲ੍ਹਿਆ। ਭਾਈ ਤਿਲਕਾ ਜੀ ਇਲਾਕੇ ਦੀਆਂ ਸੰਗਤਾਂ ਨਾਲ ਅਤੇ ਜੋਗੀ ਤੇ ਉਸ ਦੇ ਚੇਲਿਆਂ ਸਮੇਤ ਗੁਰੂ ਦਰਬਾਰ ਪਹੁੰਚੇ। ਸਤਿਗੁਰੂ ਜੀ ਨੇ ਸਭ ਨੂੰ ਗੁਰਮਤਿ ਦੀ ਸੋਝੀ ਦਿੱਤੀ। ਸਿੱਖੀ ਦੀ ਦਾਤ ਪ੍ਰਾਪਤ ਕਰਕੇ ਉਹ ਵਾਪਸ ਗੜ੍ਹਸ਼ੰਕਰ ਆਇਆ ਤੇ ਸਿੱਖੀ ਦਾ ਪ੍ਰਚਾਰ ਕਰਨ ਲੱਗਾ।

**ਸਿਖਿਆ** : ਗੁਰੂ ਦਾ ਸਿੱਖ ਸਵਰਗਾਂ-ਨਰਕਾਂ ਦੇ ਭਰਮਾਂ ਵਿਚ ਨਹੀਂ ਪੈਂਦਾ। ਵਾਹਿਗੁਰੂ ਦੀ ਨੇੜਤਾ ਉਸ ਲਈ ਸਵਰਗ ਹੈ ਅਤੇ ਜਨਮ-ਮਰਨ ਦੇ ਗੇੜ ਵਿਚ ਪੈਣਾ ਨਰਕ ਹੈ। ਗੁਰੂ ਦਾ ਸਿੱਖ ਗੁਰੂ ਦੇ ਹੁਕਮਾਂ ਅਨੁਸਾਰ ਚੱਲ ਕੇ ਆਪਣਾ ਜੀਵਨ ਸਫਲ ਕਰ ਲੈਂਦਾ ਹੈ।

## 20. ਸ੍ਰੀ ਗੁਰੂ ਹਰਿਰਾਏ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਜਨਮ ਕੀਰਤਪੁਰ ਵਿਖੇ 16 ਜਨਵਰੀ ਸੰਨ 1630 ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ। ਬਾਬਾ ਗੁਰਦਿੱਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਕੀਰਤਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਸੰਨ 1627 ਵਿਚ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਸ ਥਾਂ ਤੇ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ। ਗੁਰੂ ਜੀ ਦੀ ਮਾਤਾ ਦਾ ਨਾਮ ਨਿਹਾਲ ਕੌਰ ਜੀ ਸੀ। ਗੁਰੂ ਹਰਿਰਾਇ ਜੀ ਦਾ ਵਿਆਹ ਅਨੂਪ ਸ਼ਹਿਰ, ਜ਼ਿਲ੍ਹਾ ਬੁਲੰਦ ਸ਼ਹਿਰ, (ਉੱਤਰ ਪ੍ਰਦੇਸ਼) ਨਿਵਾਸੀ ਸ੍ਰੀ ਦਇਆ ਰਾਮ ਜੀ ਦੀ ਸਪੁੱਤਰੀ ਕਿਸ਼ਨ ਕੌਰ (ਸੁਲੱਖਣੀ) ਜੀ ਨਾਲ ਸੰਨ 1640 ਵਿਚ ਹੋਇਆ, ਜਿਹਨਾਂ ਦੀ ਕੁੱਖ ਤੋਂ ਦੋ ਪੁੱਤਰ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ।

ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ ਸੰਨ 1644 ਨੂੰ ਜੋਤੀ ਜੋਤ ਸਮਾਏ ਤੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਦੀ ਉਮਰ 14 ਸਾਲ ਦੇ ਕਰੀਬ ਸੀ।

ਸੰਨ 1646 ਵਿਚ ਪੰਜਾਬ ਵਿਚ ਕਾਲ ਪੈ ਗਿਆ। ਤਿੰਨ ਸਾਲ ਬੜੀ ਔੜ ਲੱਗੀ ਰਹੀ। ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਤਰਸਣ ਲੱਗੇ। ਮਨੁੱਖ ਮਨੁੱਖਾਂ ਨੂੰ ਖਾਣ ਲੱਗੇ। ਗੁਰੂ ਹਰਿਰਾਇ ਸਾਹਿਬ ਦੇ ਸਾਹਮਣੇ ਆਪਣੇ ਦਾਦਾ ਅਤੇ

ਪੜਦਾਦਾ ਜੀ ਦੇ ਪਾਏ ਪੂਰਨੇ ਮੌਜੂਦ ਸਨ। ਜਿਹੜਾ ਦਸਵੰਧ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਗਰੀਬਾਂ ਦੇ ਕੰਮ ਆਇਆ ਸੀ, ਉਹ ਦਸਵੰਧ ਹੁਣ ਵੀ ਕਾਲ-ਪੀੜਤਾਂ ਲਈ ਵਰਤਿਆ ਗਿਆ। ਸਿੱਖਾਂ ਦੀ ਗਿਣਤੀ ਵੀ ਵਧ ਚੁਕੀ ਸੀ। ਦੂਸਰੇ ਪ੍ਰਾਂਤਾਂ ਵਿਚੋਂ ਸੁਖੀ ਵਸਦੇ ਸਿੱਖਾਂ ਨੇ ਕਾਲ ਪੀੜਤਾਂ ਲਈ ਦਿਲ ਖੋਲ੍ਹ ਕੇ ਮਾਇਆ ਦਿੱਤੀ।

ਜਦੋਂ ਸ਼ਾਹ ਜਹਾਨ ਨੇ ਹੁਕਮ ਦਿੱਤਾ ਕਿ ਸਭ ਨਵੇਂ ਬਣੇ ਮੰਦਰ ਢਾਹ ਦਿੱਤੇ ਜਾਣ ਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਨਾ ਹੋਣ ਦਿੱਤੀ ਜਾਏ ਤਾਂ ਹਿੰਦੂ ਜਨਤਾ ਉੱਤੇ ਸਹਿਮ ਪੈ ਗਿਆ। ਭਾਵੇਂ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਉੱਤੇ ਲਾਗੂ ਨਹੀਂ ਸੀ, ਕਿਉਂਕਿ ਸਿੱਖ ਮੂਰਤੀ-ਪੂਜ ਨਹੀਂ ਸਨ, ਪਰ ਗੁਰੂ ਹਰਿਰਾਇ ਸਾਹਿਬ ਦੇ ਸਾਹਮਣੇ ਤਾਂ ਸਿੱਖੀ ਦਾ ਇਹ ਅਸੂਲ ਸੀ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਵੋ। ਇਸ ਲਈ ਆਪ ਨੇ ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਫਿਰ ਗੁਰੂ ਜੀ ਕੀਰਤਪੁਰ ਤੋਂ ਕਰਤਾਰਪੁਰ ਚਲੇ ਗਏ ਤੇ ਕਰਤਾਰਪੁਰ ਤੋਂ ਨੂਰਮਹਿਲ, ਡਰੋਲੀ, ਭਾਈ ਰੂਪਾ ਆਦਿਕ ਨਗਰਾਂ ਤੋਂ ਹੁੰਦੇ ਹੋਏ ਪਿੰਡ ਮੇਹਰਾਜ ਪੁੱਜੇ। ਇਥੋਂ ਦੇ ਚੌਧਰੀ ਭਾਈ ਕਾਲੇ ਨੇ ਬੜੀ ਸੇਵਾ ਕੀਤੀ। ਸਤਿਗੁਰੂ ਜੀ ਇਥੇ ਕਈ ਦਿਨ ਟਿਕੇ ਰਹੇ। ਇਕ ਦਿਨ ਚੌਧਰੀ ਕਾਲਾ ਆਪਣੇ ਦੋ ਭਤੀਜਿਆਂ ਫੂਲ ਤੇ ਸੰਦਲੀ ਨੂੰ ਲੈ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਆਇਆ। ਇਹਨਾਂ ਮੁੰਡਿਆਂ ਦੇ ਮਾਪੇ ਮਰ ਚੁੱਕੇ ਸਨ। ਚੌਧਰੀ ਕਾਲਾ ਹੀ ਇਹਨਾਂ ਦੀ ਪਾਲਣਾ ਪੋਸਣਾ ਕਰਦਾ ਸੀ। ਇਹਨਾਂ ਨੂੰ ਹਰਿਗੋਬਿੰਦ ਸਾਹਿਬ ਜੀ ਨੇ ਖੁਸ਼ਹਾਲ ਹੋਣ ਦੀ ਅਸ਼ੀਰਵਾਦ ਦਿੱਤੀ ਸੀ। ਗੁਰੂ ਹਰਿ ਰਾਇ ਜੀ ਨੇ ਵੀ ਇਹਨਾਂ ਤੇ ਵਿਸ਼ੇਸ਼ ਬਖਸ਼ਿਸ਼ ਕੀਤੀ ਤੇ ਫੁਰਮਾਇਆ ਕਿ ਇਹਨਾਂ ਦੀ ਸੰਤਾਨ ਸਤਲੁਜ ਤੇ ਜਮੁਨਾ ਦੇ ਵਿਚਕਾਰ ਰਾਜ ਕਰਿਆ ਕਰੇਗੀ। ਆਪ ਜੀ ਦੀ ਇਸ ਅਸ਼ੀਰਵਾਦ ਸਦਕਾ ਪਟਿਆਲਾ, ਨਾਭਾ ਤੇ ਜੀਂਦ ਦੀਆਂ ਰਿਆਸਤਾਂ ਹੋਂਦ ਵਿੱਚ ਆਈਆਂ, ਜਿਨ੍ਹਾਂ ਨੂੰ ਫੂਲਕੀਆਂ ਰਿਆਸਤਾਂ ਆਖਿਆ ਜਾਂਦਾ ਹੈ।

ਜਿਥੇ ਆਪ ਦੁਖੀ ਦਿਲਾਂ ਨੂੰ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ ਉਥੇ ਆਪ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਹਰ ਵੇਲੇ ਮੁਫ਼ਤ ਦਵਾਈ ਤੇ ਖੁਰਾਕ ਮਿਲਦੀ ਸੀ। ਇਕ ਵਾਰ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਬਿਮਾਰ ਹੋ ਗਿਆ। ਹਕੀਮਾਂ ਨੇ ਖਾਸ ਕਿਸਮ ਤੇ ਵਜ਼ਨ ਦੇ ਲੌਂਗ, ਹਰੀੜਾਂ ਤੇ ਰਾਜਮੋਤੀ ਦਵਾਈ ਲਈ ਤਜਵੀਜ਼ ਕੀਤੇ। ਇਹ ਚੀਜ਼ਾਂ ਆਪ ਦੇ ਦਵਾਈਖਾਨੇ ਤੋਂ ਬਿਨਾਂ ਹੋਰ ਕਿਤਿਓਂ ਨਾ

ਮਿਲੀਆਂ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ। ਉਸਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਆਗਿਆ ਮੂਜਬ ਆਪ ਨੇ 2200 ਘੋੜ ਸਵਾਰ ਰੱਖੇ ਹੋਏ ਸਨ ਤਾਂ ਕਿ ਲੋੜ ਪੈਣ ਤੇ ਉਨ੍ਹਾਂ ਨੂੰ ਵਰਤਿਆ ਜਾ ਸਕੇ। ਜਦ ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤਖ਼ਤ ਲਈ ਲੜਾਈ ਹੋਈ ਤਾਂ ਇਸ ਸਮੇਂ ਗੁਰੂ ਜੀ ਨੂੰ ਆਪਣੀ ਫ਼ੌਜ ਮੈਦਾਨ ਵਿਚ ਲਿਆਉਣੀ ਪਈ। ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸਦੇ ਮਗਰ ਫ਼ੌਜ ਭੇਜੀ। ਦਾਰਾ ਸ਼ਿਕੋਹ ਗੁਰੂ ਹਰਿਰਾਇ ਜੀ ਨੂੰ ਗੋਇੰਦਵਾਲ ਵਿਖੇ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਦੁਖੀ ਲੋੜਵੰਦ ਦੀ ਬਾਂਹ ਫੜਨੀ ਗੁਰੂ ਨਾਨਕ ਦੇ ਘਰ ਦਾ ਪਹਿਲਾ ਅਸੂਲ ਰਿਹਾ ਹੈ। ਗੁਰੂ ਜੀ ਨੇ ਉਸਨੂੰ ਧੀਰਜ ਦਿੱਤਾ। ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ। ਫਿਰ ਆਪ 2200 ਸੂਰਬੀਰ ਸਵਾਰ ਲੈ ਕੇ ਬਿਆਸ ਦਰਿਆ ਦੇ ਕੰਢੇ ਤੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਨੇ ਫ਼ੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਥਾਂ ਸਿਰ ਜਾ ਪੁੱਜਾ।

ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਵੀ ਲੱਗ ਗਿਆ। ਜਦੋਂ ਉਹ ਭਰਾਵਾਂ ਨੂੰ ਮਾਰ ਮੁਕਾ ਕੇ ਤੇ ਪਿਉ ਨੂੰ ਕੈਦ ਕਰਕੇ ਬਾਦਸ਼ਾਹ ਬਣਿਆ ਤਾਂ ਉਸ ਨੇ ਤਖ਼ਤ ਤੇ ਬਹਿਣ ਮਗਰੋਂ ਛੇਤੀ ਹੀ ਗੁਰੂ ਜੀ ਨੂੰ ਸੱਦ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਪਰ ਆਪਣੇ ਥਾਂ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਭੇਜਿਆ। ਤੁਰਨ ਲੱਗਿਆਂ ਸਿਖਿਆ ਦਿੱਤੀ ਕਿ ਹਰੇਕ ਕਾਰਜ ਵਿਚ ਗੁਰੂ ਆਸਰੇ ਰਹਿਣਾ। ਗੁਰੂ ਨੂੰ ਅੰਗ-ਸੰਗ ਸਮਝਣਾ। ਬਾਬਾ ਰਾਮਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਰ-ਜਵਾਬ ਸਨ। ਉਹਨਾਂ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ। ਔਰੰਗਜ਼ੇਬ ਨੇ ਪੁੱਛਿਆ, ਕਿ ਗੁਰੂ ਹਰਿਰਾਇ ਜੀ ਨੇ ਦਾਰਾ ਸ਼ਿਕੋਹ ਦੀ ਕਿਉਂ ਸਹਾਇਤਾ ਕੀਤੀ, ਤਾਂ ਰਾਮਰਾਇ ਨੇ ਉੱਤਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਲੋੜਵੰਦ ਦੁਖੀਆ ਜਾਣ ਕੇ ਉਸ ਦੀ ਮਦਦ ਕੀਤੀ, ਕਿਸੇ ਨਾਲ ਵੈਰ ਭਾਵ ਧਾਰ ਕੇ ਨਹੀਂ। ਫਿਰ ਸਿੱਖ ਧਰਮ ਬਾਰੇ ਕਈ ਸਵਾਲ ਪੁੱਛੇ, ਜਿਹਨਾਂ ਦਾ ਉੱਤਰ ਰਾਮਰਾਇ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਮੁਤਾਬਕ ਦਿੱਤਾ। ਹਰੇਕ ਅਜ਼ਮਾਇਸ਼ ਵਿਚ ਰਾਮਰਾਇ ਜੀ ਪੂਰੇ ਉਤਰੇ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਰਾਮਰਾਇ ਜੀ ਦਾ ਦਿਲ ਜਿੱਤ ਕੇ ਆਪਣੇ ਦੀਨ ਵਿਚ ਲਿਆਂਦਾ ਜਾਏ। ਉਸ ਨੇ ਕਾਜ਼ੀਆਂ ਦੀ ਪ੍ਰੇਰਨਾ ਤੇ ਰਾਮਰਾਇ ਤੋਂ ਪੁੱਛਿਆ, "ਤੁਹਾਡੇ ਗਰੰਥ ਵਿਚ ਲਿਖਿਆ ਹੈ" :

**"ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ॥** *(੪੬੬)*

ਇਸਦੇ ਕੀ ਅਰਥ ਹਨ ? ਕੀ ਇਹ ਪ੍ਰਗਟ ਤੌਰ ਤੇ ਸਾਡੇ ਧਰਮ ਦੀ ਨਿੰਦਿਆ ਨਹੀਂ ? ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮਰਾਇ ਜੀ ਨਿਸ਼ਾਨੇ ਤੋਂ ਥਿੜਕ ਗਏ ਤੇ ਕਹਿ ਦਿੱਤਾ ਕਿ "ਮਿਟੀ ਮੁਸਲਮਾਨ ਕੀ ਨਹੀਂ, ਮਿਟੀ ਬੇਈਮਾਨ ਕੀ" ਲਿਖਿਆ ਹੈ। ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ। ਉਸ ਨੇ ਦੂਨ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ।

ਜਦੋਂ ਗੁਰੂ ਹਰਿਰਾਇ ਜੀ ਨੂੰ ਰਾਮਰਾਇ ਦੀ ਇਸ ਕਮਜ਼ੋਰੀ ਤੇ ਝੂਠ ਦਾ ਪਤਾ ਲੱਗਾ ਤਾਂ ਆਪ ਨੇ ਫ਼ੈਸਲਾ ਦੇ ਭੇਜਿਆ ਕਿ ਰਾਮ ਰਾਇ ਸਾਡੇ ਮੱਥੇ ਨਾ ਲੱਗੇ। ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ ਤੇ ਗੁਰਿਆਈ ਆਪਣੇ ਛੋਟੇ ਸਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਦੇ ਦਿੱਤੀ। ਆਪ 6 ਅਕਤੂਬਰ 1661 ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਆਪ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਬਖਸ਼ਸ਼ਾਂ (ਕੇਂਦਰ) ਕਾਇਮ ਕੀਤੀਆਂ। ਹਰੇਕ ਬਖਸ਼ਸ਼ ਇਕ ਪ੍ਰਸਿੱਧ ਉਦਾਸੀ ਸਿੱਖ ਦੇ ਸਪੁਰਦ ਸੀ। ਇਹ ਗੁਰਸਿੱਖ ਸਨ : (1) ਸੁਥਰੇ ਸ਼ਾਹ ਜੀ (2) ਭਗਤ ਭਗਵਾਨ (3) ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੋਂ ਹੀ ਸਿੱਖੀ ਪ੍ਰਚਾਰ ਲਈ ਧੂਏਂ ਜਾਂ ਧੂਣੀਆਂ ਕਾਇਮ ਕੀਤੀਆਂ ਸਨ। ਧੂਣੀਆਂ ਤੋਂ ਭਾਵ 'ਉਦਾਸੀ ਸਾਧੂਆਂ ਦੀ ਗੱਦੀ' ਹੁੰਦਾ ਹੈ, ਪਰ ਇਥੇ ਇਨ੍ਹਾਂ ਦਾ ਭਾਵ ਹੈ ਉਦਾਸੀ ਮਹਾਪੁਰਖਾਂ ਦੇ ਅਧੀਨ ਚੱਲ ਰਹੇ ਪ੍ਰਚਾਰ ਕੇਂਦਰ।

## 21. ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ 7 ਜੁਲਾਈ, ਸੰਨ 1656 ਨੂੰ ਕੀਰਤਪੁਰ ਵਿਖੇ ਪਿਤਾ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖ ਤੋਂ ਹੋਇਆ। ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਰਾਮਰਾਇ ਜੀ ਨੇ ਔਰੰਗਜ਼ੇਬ ਦੇ ਅਸਰ ਰਸੂਖ ਵਿਚ ਆ ਕੇ ਉਸ ਨੂੰ ਖੁਸ਼ ਕਰਨ ਖਾਤਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਇਕ ਤੁਕ ਬਦਲ ਦਿੱਤੀ ਸੀ; ਇਸ ਵਾਸਤੇ ਗੁਰੂ ਹਰਿਰਾਇ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪ ਦਿੱਤੀ। ਇਸ ਸਮੇਂ ਆਪ ਦੀ ਉਮਰ ਤਕਰੀਬਨ 5 ਸਾਲ, 3 ਮਹੀਨੇ ਦੀ ਸੀ।

ਜਦੋਂ ਇਸ ਗੱਲ ਦਾ ਪਤਾ ਰਾਮਰਾਇ ਨੂੰ ਲੱਗਾ ਤਾਂ ਉਹ ਬਹੁਤ ਔਖਾ ਹੋਇਆ। ਉਸ ਨੇ ਆਪਣੇ ਤਾਏ ਧੀਰ ਮੱਲ ਨਾਲ ਸਲਾਹ ਕਰ ਕੇ ਕੁਝ ਮਸੰਦਾਂ ਨੂੰ

ਆਪਣੇ ਨਾਲ ਗੰਢਿਆ ਤੇ ਉਹਨਾਂ ਰਾਹੀਂ ਆਪਣੇ ਆਪ ਨੂੰ ਗੁਰੂ ਮਸ਼ਹੂਰ ਕਰਨ ਦਾ ਯਤਨ ਕੀਤਾ। ਪਰ ਸਿੱਖਾਂ ਨੂੰ ਗੁਰੂ ਹਰਿਰਾਇ ਸਾਹਿਬ ਦੇ ਫ਼ੈਸਲੇ ਦਾ ਪਤਾ ਸੀ, ਇਸ ਕਰਕੇ ਰਾਮਰਾਇ ਨੂੰ ਕਿਸੇ ਨੇ ਵੀ ਗੁਰੂ ਨਾ ਮੰਨਿਆ।

ਇਧਰੋਂ ਮੂੰਹ ਦੀ ਖਾ ਕੇ ਉਹ ਸਿੱਧਾ ਔਰੰਗਜ਼ੇਬ ਕੋਲ ਪਹੁੰਚਿਆ ਤੇ ਕਿਹਾ ਕਿ ਮੈਂ ਵੱਡਾ ਪੁੱਤਰ ਹਾਂ। ਗੁਰਿਆਈ ਤੇ ਮੇਰਾ ਹੱਕ ਹੈ। ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਾਹਿਬ ਨੂੰ ਆਪਣੇ ਘਰ ਸੱਦੋ। ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨੀ ਤੇ ਬੜੇ ਆਦਰ ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਕੀਰਤਪੁਰ ਦੇ ਆਲੇ-ਦੁਆਲੇ ਦੇ ਜਿਨ੍ਹਾਂ ਲੋਕਾਂ ਨੇ ਸੁਣਿਆ ਕਿ ਗੁਰੂ ਜੀ ਔਰੰਗਜ਼ੇਬ ਦੇ ਸੱਦੇ ਤੇ ਦਿੱਲੀ ਜਾ ਰਹੇ ਹਨ, ਸਭ ਨੂੰ ਤੌਖਲਾ ਹੋਇਆ। ਸਤਿਗੁਰੂ ਜੀ ਦੇ ਤੁਰਨ ਸਮੇਂ ਤਕ ਸਿੱਖ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਹੌਂਸਲਾ ਦਿੱਤਾ। ਫਿਰ ਵੀ ਸੈਂਕੜੇ ਸਿੱਖ ਨਾਲ ਚੱਲ ਪਏ। ਅੰਬਾਲੇ ਜ਼ਿਲ੍ਹੇ ਦੇ ਇਲਾਕੇ ਪੰਜੋਖਰੇ ਪਹੁੰਚ ਕੇ ਗੁਰੂ ਜੀ ਨੇ ਕੁਝ ਉੱਘੇ ਸਿੱਖਾਂ ਤੋਂ ਬਿਨਾਂ, ਬਾਕੀ ਸਭ ਨੂੰ ਵਾਪਸ ਮੋੜ ਦਿੱਤਾ। ਪੰਜੋਖਰੇ ਵਿਚ ਇਕ ਪੰਡਿਤ ਲਾਲ ਚੰਦ ਸੀ। ਉਹ ਬਹੁਤ ਖਿੜਿਆ ਹੋਇਆ, ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਕਿ ਸਿੱਖ ਗੁਰੂ ਜੀ ਨੂੰ ਹਰਿਕ੍ਰਿਸ਼ਨ ਜੀ ਆਖਦੇ ਹਨ, ਜੇ ਇਹਨਾਂ ਵਿਚ ਸੱਚਮੁੱਚ ਕੋਈ ਆਤਮਕ ਤਾਕਤ ਹੈ ਤਾਂ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾਣ। ਗੁਰੂ ਹਰਿਕ੍ਰਿਸ਼ਨ ਜੀ ਨੇ ਪੰਡਿਤ ਜੀ ਨੂੰ ਆਖਿਆ, "ਜੇ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੈ ਤਾਂ ਆਪਣੇ ਨਗਰ ਵਿਚੋਂ ਕਿਸੇ ਨੂੰ ਲੈ ਆਵੋ। ਤੁਹਾਡੀ ਤਸੱਲੀ ਗੁਰੂ ਮਿਹਰ ਸਦਕਾ ਅਸੀਂ ਕਰਵਾ ਦਿਆਂਗੇ।" ਪੰਡਿਤ ਗਿਆ ਤੇ ਛੱਜੂ ਨਾਮੀ ਇਕ ਅਨਪੜ੍ਹ ਝੀਊਰ ਨੂੰ ਲੈ ਆਇਆ। ਸਤਿਗੁਰੂ ਜੀ ਨੇ ਮਿਹਰ ਦੀ ਨਜ਼ਰ ਕੀਤੀ ਤੇ ਉਹ ਝੀਊਰ ਇਕ ਉੱਘੇ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਣਾਉਣ ਲੱਗਾ। ਪੰਡਿਤ ਨੂੰ ਇਹ ਚਾਲ ਮਹਿੰਗੀ ਪਈ ਤੇ ਸਤਿਗੁਰੂ ਜੀ ਦੀ ਮਹਿਮਾ ਚਾਰੇ ਪਾਸੇ ਹੋਰ ਫੈਲ ਗਈ।

ਜਦੋਂ ਸੰਗਤ ਸਮੇਤ ਆਪ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਉਤਾਰਾ ਕਰਵਾਇਆ। ਉਸ ਥਾਂ ਹੁਣ ਬੰਗਲਾ ਸਾਹਿਬ ਗੁਰਦੁਆਰਾ ਹੈ। ਰਾਜਾ ਜੈ ਸਿੰਘ ਦੀ ਰਾਣੀ ਦੇ ਦਿਲ ਵਿਚ ਗੁਰੂ ਜੀ ਦੀ ਬਾਲਕ ਉਮਰ ਬਾਰੇ ਵਹਿਮ-ਭਰਮ, ਕੁਝ ਬ੍ਰਾਹਮਣਾਂ ਨੇ ਭਰ ਦਿੱਤਾ। ਰਾਣੀ ਨੇ ਗੁਰੂ ਜੀ ਦੀ ਪਰਖ ਕਰਨੀ ਚਾਹੀ। ਹੋਰ ਕਈ ਅਮੀਰ ਘਰਾਣਿਆਂ ਦੀਆਂ ਜ਼ਨਾਨੀਆਂ ਨੂੰ ਆਪਣੇ

ਮਹੱਲ ਵਿਚ ਮੰਗਵਾ ਲਿਆ ਤੇ ਮਨ ਵਿਚ ਇਹ ਧਾਰ ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਇਹਨਾਂ ਸਭਨਾਂ ਨੂੰ ਛੱਡ ਕੇ ਮੇਰੀ ਹੀ ਗੋਦ ਵਿਚ ਆ ਕੇ ਬੈਠੇ। ਬਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਹੋਰ ਸਭਨਾਂ ਦੇ ਕੋਲੋਂ ਲੰਘ ਕੇ ਰਾਜਾ ਜੈ ਸਿੰਘ ਦੀ ਰਾਣੀ ਦੀ ਗੋਦ ਵਿਚ ਜਾ ਬੈਠੇ। ਰਾਣੀ ਦੀ ਨਿਸ਼ਾ ਹੋ ਗਈ।

ਦਿੱਲੀ ਪਹੁੰਚ ਕੇ ਸਤਿਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਦਿੱਲੀ ਦੀ ਸੰਗਤ ਰੋਜ਼ ਰਾਜਾ ਜੈ ਸਿੰਘ ਦੇ ਬੰਗਲੇ ਪਹੁੰਚਦੀ। ਸਤਿਸੰਗ ਹੁੰਦਾ ਤੇ ਸੰਗਤਾਂ ਦਰਸ਼ਨ ਕਰਦੀਆਂ। ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦੇ ਮੁਅੱਜ਼ਮ ਨੂੰ ਭੇਜਿਆ। ਉਸ ਨੂੰ ਗੁਰੂ ਜੀ ਨੇ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਰਾਮਰਾਇ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ। ਰਾਮਰਾਇ ਜੀ ਨੇ ਗੁਰਬਾਣੀ ਦੀ ਤੁਕ ਉਲਟਾਈ ਤੇ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ। ਇਸ ਵਿਚ ਕੋਈ ਵਧੀਕੀ ਨਹੀਂ ਤੇ ਨਾ ਹੀ ਕਿਸੇ ਨਾਲ ਬੇਇਨਸਾਫੀ ਹੈ।

ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ ਰਾਮਰਾਇ ਜੀ ਨਾਲ ਕੋਈ ਵਧੀਕੀ ਨਹੀਂ ਹੋਈ। ਬਾਦਸ਼ਾਹ, ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਅਜ਼ਮਤ ਨੂੰ ਚੰਗੀ ਤਰ੍ਹਾਂ ਵੇਖ ਚੁੱਕਾ ਸੀ।

ਗੁਰੂ ਜੀ ਅਜੇ ਦਿੱਲੀ ਹੀ ਸਨ ਕਿ ਸੰਨ 1664 ਵਿਚ ਚੀਚਕ ਦੀ ਬਿਮਾਰੀ ਫੈਲ ਗਈ। ਗੁਰੂ ਜੀ ਨੇ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਦਸਵੰਧ ਦੀ ਭੇਟਾ ਨੂੰ ਇਸ ਲਈ ਵਰਤਿਆ ਗਿਆ। ਜਿਥੇ ਵੀ ਚੀਚਕ ਦਾ ਜ਼ੋਰ ਸੀ, ਗੁਰੂ ਜੀ ਉਹਨਾਂ ਇਲਾਕਿਆਂ ਵਿਚ ਗਏ। ਇਸ ਦਾ ਨਤੀਜਾ ਇਹ ਨਿਕਲਿਆ ਕਿ ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਵੀ ਬੜੇ ਜ਼ੋਰ ਦਾ ਬੁਖਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉੱਤੇ ਵੀ ਚੀਚਕ ਦੇ ਲੱਛਣ ਦਿਸਣ ਲੱਗ ਪਏ। ਸਤਿਗੁਰੂ ਜੀ ਨੇ ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਕੋਲ ਬੈਠੀ ਸਾਰੀ ਸੰਗਤ ਨੂੰ ਹੁਕਮ ਦਿੱਤਾ ਕਿ 'ਬਾਬਾ ਬਕਾਲੇ', ਜਿਸ ਦਾ ਭਾਵ ਇਹ ਸੀ ਕਿ ਸਾਡੇ ਪਿਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂ ਪੁਰਖ ਪਿੰਡ ਬਕਾਲੇ ਵਿਚ ਹੈ। ਇਹ ਕਹਿ ਕੇ ਆਪ 30 ਮਾਰਚ ਸੰਨ 1664 ਨੂੰ ਜੋਤੀ ਜੋਤਿ ਸਮਾ ਗਏ। ਜਮਨਾ ਦੇ ਕੰਢੇ ਜਿਸ ਥਾਂ ਆਪ ਜੀ ਦਾ ਸਸਕਾਰ ਕੀਤਾ ਗਿਆ, ਉਸ ਥਾਂ ਹੁਣ ਬਾਲਾ ਸਾਹਿਬ ਗੁਰਦੁਆਰਾ ਹੈ।

# 22. ਸ੍ਰੀ ਗੁਰੂ ਤੇਗ ਬਹਾਦਰ ਜੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਪਹਿਲੀ ਅਪ੍ਰੈਲ, ਸੰਨ 1621 ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦੀ ਮਾਤਾ ਦਾ ਨਾਂ ਮਾਤਾ ਨਾਨਕੀ ਜੀ ਸੀ। ਆਪ ਨੌਂ ਸਾਲ ਦੀ ਉਮਰ ਤਕ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਵਿਖੇ ਰਹੇ। ਮੁੱਢ ਤੋਂ ਹੀ ਆਪ ਸੰਤ ਸਰੂਪ, ਡੂੰਘੇ ਵਿਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ। ਆਪ ਦੀ ਪੜ੍ਹਾਈ, ਸਿਖਲਾਈ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜ-ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਤਾਂ ਆਪ ਪਿਤਾ ਗੁਰੂ ਜੀ ਦੇ ਨਾਲ ਹੀ ਸਨ। ਸੰਨ 1634 ਵਿਚ ਆਪ ਦਾ ਵਿਆਹ ਕਰਤਾਰਪੁਰ (ਜਲੰਧਰ) ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਹੋਇਆ। ਇਸੇ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਚੌਥੀ ਜੰਗ ਹੋਈ ਤਾਂ ਆਪ ਨੇ ਆਪਣੀ ਤੇਗ ਦੇ ਜੌਹਰ ਵਿਖਾਏ। ਇਸ ਜੰਗ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ ਤੇ ਆਪ ਪਿਤਾ ਗੁਰੂ ਦੀ ਆਗਿਆ ਅਨੁਸਾਰ ਆਪਣੀ ਮਾਤਾ ਤੇ ਪਤਨੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ।

ਬਕਾਲੇ ਆ ਕੇ (ਗੁਰੂ) ਤੇਗ ਬਹਾਦਰ ਜੀ ਅਡੋਲ ਚਿੱਤ ਰਹਿ ਕੇ ਪ੍ਰਮਾਤਮਾ ਦਾ ਸਿਮਰਨ ਕਰਨ ਲੱਗੇ। ਆਪ ਦਾ ਘਰੋਗੀ ਜੀਵਨ ਬੜਾ ਸਾਦਾ ਤੇ ਸੁਖ ਭਰਪੂਰ ਸੀ। ਆਪ ਬਕਾਲੇ ਵਿਖੇ ਗ੍ਰਹਿਸਤੀ ਜੀਵਨ ਦੇ ਸਾਰੇ ਫਰਜ਼ ਪੂਰੇ ਕਰਦੇ ਹੋਏ ਆਉਣ ਵਾਲੇ ਸਮੇਂ ਦੀ ਤਿਆਰੀ ਕਰ ਰਹੇ ਸਨ।

30 ਮਾਰਚ, ਸੰਨ 1664 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤਿ ਸਮਾਏ ਤੇ ਉਹਨਾਂ ਹਦਾਇਤ ਕੀਤੀ ਕਿ **'ਬਾਬਾ ਬਸੇ ਗਰਾਮ ਬਕਾਲੇ'** ਭਾਵ ਗੁਰਗੱਦੀ ਦਾ ਮਾਲਕ ਬਕਾਲੇ ਵਿਚ ਹੈ।

ਇਸ ਗੱਲ ਦਾ ਨਜਾਇਜ਼ ਫਾਇਦਾ ਉਠਾ ਕੇ ਪਖੰਡੀ ਗੁਰੂ, ਗੱਦੀ ਦੇ ਦਾਹਵੇਦਾਰ ਬਣ, ਬਕਾਲੇ ਆ ਇਕੱਠੇ ਹੋਏ। ਧੀਰ ਮੱਲ ਸਭ ਤੋਂ ਅੱਗੇ ਸੀ। ਇਹਨਾਂ ਪਖੰਡੀ ਗੁਰੂਆਂ ਨੇ ਆਪਣੀਆਂ ਦੁਕਾਨਾਂ ਚਮਕਾਉਣੀਆਂ ਸ਼ੁਰੂ ਕੀਤੀਆਂ। ਭੋਲੇ ਲੋਕ ਟਪਲਾ ਵੀ ਖਾਣ ਲੱਗੇ। ਅਖੀਰ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ 'ਮੱਖਣ ਸ਼ਾਹ

ਲੁਬਾਣਾ', ਟਾਂਡਾ ਜ਼ਿਲ੍ਹਾ ਜਿਹਲਮ ਦਾ ਵਸਨੀਕ ਬਕਾਲੇ ਆਇਆ। ਉਹ ਆਪਣੇ ਨਾਲ ਦਸਵੰਧ ਦੀ ਰਕਮ ਪੰਜ ਸੌ ਮੋਹਰਾਂ ਲੈ ਕੇ ਆਇਆ ਸੀ। ਅੱਗੇ ਕਈ ਪਖੰਡੀ ਗੁਰੂ ਬਣੇ ਵੇਖੇ। ਹਰ ਇਕ ਅੱਗੇ ਦੋ-ਦੋ ਮੋਹਰਾਂ ਰੱਖੀਆਂ ਤੇ ਪਰਖ ਲਿਆ ਕਿ ਸਭ ਬਣਾਉਟੀ ਤੇ ਦੰਭੀ ਹਨ। ਫਿਰ ਗੁਰੂ ਤੇਗ ਬਹਾਦਰ ਸਾਹਿਬ ਦੇ ਨਿਵਾਸ ਅਸਥਾਨ ਤੇ ਗਿਆ। ਉਥੇ ਵੀ ਦੋ ਮੋਹਰਾਂ ਰੱਖੀਆਂ, ਪਰ ਅੰਤਰਯਾਮੀ ਸੱਚੇ ਗੁਰੂ ਨੇ ਪੂਰਾ ਦਸਵੰਧ ਪੰਜ ਸੌ ਮੋਹਰਾਂ ਦੇਣ ਦਾ ਚੇਤਾ ਕਰਵਾਇਆ। ਇਸ ਤਰ੍ਹਾਂ ਮੱਖਣ ਸ਼ਾਹ ਨੇ ਸੱਚੇ ਗੁਰੂ ਨੂੰ ਲੱਭ ਹੀ ਲਿਆ ਤੇ ਕੋਠੇ ਤੇ ਚੜ੍ਹ ਕੇ ਹੋਕਾ ਦੇ ਦਿੱਤਾ, "ਗੁਰੂ ਲਾਧੋ ਰੇ! ਗੁਰੂ ਲਾਧੋ ਰੇ!!"

ਜਦੋਂ ਸੰਗਤਾਂ ਨੂੰ ਅਸਲੀਅਤ ਦਾ ਪਤਾ ਲੱਗਾ, ਤਾਂ ਸੰਗਤਾਂ ਪਖੰਡੀਆਂ ਨੂੰ ਛੱਡ ਸੱਚੇ ਗੁਰੂ ਦੀ ਸ਼ਰਨ ਆ ਗਈਆਂ। ਬਾਬਾ ਧੀਰ ਮੱਲ ਇਹ ਗੱਲ ਨਾ ਸਹਾਰ ਸਕਿਆ। ਉਸ ਨੇ ਸ਼ੀਹੇਂ ਮਸੰਦ ਨੂੰ ਲਾਲਚ ਦੇ ਕੇ, ਗੁਰੂ ਤੇਗ ਬਹਾਦਰ ਜੀ ਤੇ ਗੋਲੀ ਚਲਵਾਈ, ਪਰ ਗੁਰੂ ਜੀ ਵਾਲ-ਵਾਲ ਬਚ ਗਏ। ਸਾਥੀਆਂ ਦੀ ਸਹਾਇਤਾ ਨਾਲ ਸ਼ੀਹੇਂ ਨੇ ਗੁਰੂ ਘਰ ਵਿਚੋਂ ਜੋ ਸਮਾਨ ਲੱਭਾ, ਲੁੱਟ ਲਿਆ ਤੇ ਬਾਬਾ ਧੀਰ ਮੱਲ ਸਮੇਤ ਕਰਤਾਰਪੁਰ ਨੂੰ ਚਲਾ ਗਿਆ।

ਜਦੋਂ ਮੱਖਣ ਸ਼ਾਹ ਨੂੰ ਪਤਾ ਲੱਗਾ, ਤਾਂ ਸਿੱਖਾਂ ਨੂੰ ਨਾਲ ਲੈ ਕੇ ਧੀਰ ਮੱਲ ਦਾ ਪਿੱਛਾ ਕੀਤਾ। ਲੁੱਟਿਆ ਮਾਲ ਖੋਹ ਲਿਆ। 'ਆਦਿ ਬੀੜ' ਵੀ ਲੈ ਆਏ ਪਰੰਤੂ ਸਤਿਗੁਰ ਜੀ ਨਿਮਰਤਾ ਦੇ ਪੁੰਜ ਸਨ। ਉਹਨਾਂ ਧੀਰ ਮੱਲ ਤੇ ਉਸ ਦੇ ਸਾਥੀਆਂ ਦੀ ਵਧੀਕੀ ਨੂੰ ਨਜ਼ਰ-ਅੰਦਾਜ਼ ਕਰ ਕੇ ਸਾਰਾ ਸਮਾਨ ਤੇ 'ਬੀੜ' ਵੀ ਵਾਪਸ ਭੇਜ ਦਿੱਤੀ।

ਸੰਨ 1665 ਵਿਚ ਭਾਈ ਮੱਖਣ ਸ਼ਾਹ ਨੂੰ ਨਾਲ ਲੈ ਕੇ ਆਪ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨਾਂ ਲਈ ਗਏ। ਪੁਜਾਰੀਆਂ ਨੇ ਸੋਚਿਆ, ਜੇ ਗੁਰੂ ਜੀ ਇਥੇ ਟਿਕ ਗਏ ਤਾਂ ਸਾਡੀ ਰੋਜ਼ੀ ਬੰਦ ਹੋ ਜਾਵੇਗੀ। ਉਹਨਾਂ ਦਰਵਾਜ਼ੇ ਬੰਦ ਕਰ ਲਏ ਤੇ ਚਲੇ ਗਏ। ਗੁਰੂ ਜੀ ਬਾਹਰ ਥੜ੍ਹੇ ਤੇ ਬੈਠੇ ਉਡੀਕ ਕਰਦੇ ਰਹੇ, ਜਿਥੇ ਅੱਜ ਗੁਰਦੁਆਰਾ ਥੜ੍ਹਾ ਸਾਹਿਬ ਹੈ। ਕਾਫੀ ਸਮਾਂ ਉਡੀਕਣ ਤੇ ਵੀ ਜਦੋਂ ਪੁਜਾਰੀ ਨਾ ਆਏ ਤਾਂ ਆਪ ਬਾਹਰੋਂ ਹੀ ਨਮਸਕਾਰ ਕਰ ਕੇ ਪਿੰਡ ਵੱਲੇ ਵੱਲ ਚੱਲ ਪਏ। ਪਿੰਡ ਵੱਲੇ ਦੀ ਸੰਗਤ ਨੇ ਸੇਵਾ ਕੀਤੀ। ਮਗਰੋਂ ਜਦੋਂ ਪੁਜਾਰੀ ਆਏ ਤਾਂ ਭਾਈ ਮੱਖਣ ਸ਼ਾਹ ਨੇ ਤਾੜਨਾ ਕੀਤੀ। ਨਾਲ ਲੈ ਕੇ ਵੱਲੇ ਪਿੰਡ ਪਹੁੰਚੇ। ਗੁਰੂ ਜੀ ਨੇ ਕਿਹਾ ਕਿ ਤੁਸੀਂ ਗੁਰਦੁਆਰਿਆਂ ਦੇ ਸੇਵਾਦਾਰ (ਮਸੰਦ) ਨਹੀਂ ਰਹੇ। 34 ਸਾਲ ਹੋ ਗਏ ਹਨ ਤੁਹਾਨੂੰ ਪੂਜਾ ਦਾ ਧਾਨ ਖਾਂਦਿਆਂ, ਇਸ ਲਈ ਤੁਸੀਂ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਹੋ। ਪਿੰਡ ਵੱਲੇ ਤੋਂ ਬਕਾਲੇ ਗਏ ਤੇ ਫਿਰ ਕਰਤਾਰਪੁਰ ਦੇ ਰਸਤੇ ਕੀਰਤਪੁਰ

ਪੁੱਜੇ। ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁੱਲ ਲੈ ਕੇ ਅਕਤੂਬਰ ਸੰਨ 1665 ਵਿਚ ਨਗਰ ਅਨੰਦਪੁਰ ਸਾਹਿਬ ਵਸਾਇਆ।

ਔਰੰਗਜ਼ੇਬ ਨੇ ਹਿੰਦੂਆਂ ਉਪਰ ਸਖ਼ਤੀ ਕਰਨੀ ਆਰੰਭ ਕੀਤੀ। ਗੁਰੂ ਜੀ ਪੂਰਬ ਦੇਸ਼ ਵੱਲ ਹਿੰਦੂ ਜਨਤਾ ਨੂੰ ਢਾਰਸ ਦੇਣ ਲਈ ਤੇ ਸਿੱਖੀ ਪ੍ਰਚਾਰ ਲਈ ਪਰਿਵਾਰ ਸਮੇਤ ਚੱਲ ਪਏ।

ਅਨੰਦਪੁਰ ਤੋਂ ਘਨੌਲੀ, ਰੋਪੜ, ਮੂਲੋਵਾਲ ਆਦਿ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਰਸਤੇ ਵਿਚ ਦਸਵੰਧ ਦੀ ਰਕਮ ਖੂਹ, ਬਾਉਲੀਆਂ ਆਦਿ ਲੁਆਉਣ ਤੇ ਖਰਚ ਕਰਦੇ ਗਏ। ਕਈ ਪਿੰਡਾਂ ਵਿਚੋਂ ਹੁੰਦੇ ਹੋਏ ਧਮਧਾਣ ਪਹੁੰਚੇ। ਇਥੇ ਭਾਈ ਰਾਮ ਦੇਵ ਨੂੰ ਸੰਗਤਾਂ ਦੀ ਜਲ ਨਾਲ ਸੇਵਾ ਕਰਨ ਕਰਕੇ 'ਭਾਈ ਮੀਹਾਂ' ਦਾ ਨਾਮ ਦਿੱਤਾ।

ਕੁਰਖੇਤਰ, ਮਥਰਾ, ਆਗਰਾ, ਕਾਨਪੁਰ, ਅਲਾਹਾਬਾਦ, ਪ੍ਰਯਾਗ, ਕਾਸ਼ੀ ਆਦਿ ਹਿੰਦੂ ਤੀਰਥਾਂ ਤੇ ਗਏ। ਇਕੱਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਵਾਈ ਤੇ ਸੱਚਾ ਤੀਰਥ ਸਤਿ-ਸੰਗਤ ਨੂੰ ਹੀ ਦੱਸਿਆ।

ਫਿਰ ਗਯਾ ਤੋਂ ਪਟਨੇ ਗਏ। ਇਥੇ ਭਾਈ ਜੈਤਾ ਹਲਵਾਈ ਦੇ ਘਰ ਮਾਤਾ ਗੁਜਰੀ ਜੀ ਨੂੰ ਛੱਡਿਆ, ਜਿਹਨਾਂ ਦੀ ਕੁੱਖ ਤੋਂ 22 ਦਸੰਬਰ, ਸੰਨ 1666 ਨੂੰ (ਗੁਰੂ) ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।

ਪਟਨੇ ਤੋਂ ਰਾਜ ਮਹਲ, ਮਾਲਦਾ, ਮੁਰਸ਼ਿਦਾਬਾਦ ਹੁੰਦੇ ਹੋਏ ਢਾਕੇ ਪਹੁੰਚੇ। ਢਾਕੇ ਤੋਂ ਅਸਾਮ ਪੁੱਜੇ। ਅਸਾਮ ਵਿਖੇ ਸੰਨ 1670 ਵਿਚ ਆਪ ਨੇ ਰਾਜਾ ਰਾਮ ਸਿੰਘ ਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚੱਕ੍ਰ ਧੱਵਜ ਦੀ ਸੁਲਾਹ ਕਰਵਾਈ ਤੇ ਦੋਹਾਂ ਪਾਸਿਉਂ ਖ਼ੂਨ ਡੁਲ੍ਹਣੋਂ ਬਚਾਇਆ। ਅਸਾਮ ਤੋਂ ਆਪ ਵਾਪਸ ਪੰਜਾਬ ਪਰਤੇ, ਕਿਉਂਕਿ ਔਰੰਗਜ਼ੇਬ ਨੇ ਹਿੰਦੂਆਂ 'ਤੇ ਸਖ਼ਤੀ ਆਰੰਭ ਕਰ ਦਿੱਤੀ ਸੀ ਅਤੇ ਪਾਠਸ਼ਾਲਾਂ ਤੇ ਮੰਦਰ ਢਾਹ ਦੇਣ ਦਾ ਐਲਾਨ ਕਰ ਦਿੱਤਾ ਸੀ।

ਗੁਰੂ ਜੀ ਪਟਨੇ ਆਏ। ਥੋੜ੍ਹਾ ਸਮਾਂ ਟਿਕ ਕੇ ਅਤੇ ਸਾਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ, ਅਯੁਧਿਆ ਆਦਿ ਵਿਚੋਂ ਹੁੰਦੇ ਹੋਏ ਢਾਈ ਤਿੰਨ ਮਹੀਨਿਆਂ ਵਿਚ ਅਨੰਦਪੁਰ ਪੁੱਜ ਗਏ। ਥੋੜ੍ਹੇ ਚਿਰ ਪਿਛੋਂ ਪਰਿਵਾਰ ਨੂੰ ਵੀ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ।

ਜਦੋਂ ਕਸ਼ਮੀਰ ਵਿਚ ਸ਼ੇਰ ਅਫ਼ਗਾਨ ਖ਼ਾਂ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣਾ ਆਰੰਭਿਆ, ਤਾਂ ਕਸ਼ਮੀਰੀ ਪੰਡਿਤ ਅਨੰਦਪੁਰ ਸਾਹਿਬ ਗੁਰੂ ਜੀ ਕੋਲ ਫਰਿਆਦ ਲੈ ਕੇ ਆਏ। ਸਤਿਗੁਰ ਜੀ ਨੇ ਸ਼ਰਨ

ਆਇਆਂ ਦੀ ਬਾਂਹ ਪਕੜੀ ਤੇ ਦਿੱਲੀ ਜਾ ਕੇ ਸ਼ਹੀਦ ਹੋਣ ਦਾ ਫ਼ੈਸਲਾ ਕਰ ਲਿਆ।

ਅਨੰਦਪੁਰ ਤੋਂ ਚੱਲ ਕੇ ਕੀਰਤਪੁਰ, ਫੈਜ਼ਾਬਾਦ, ਸਮਾਣਾ, ਕੈਥਲ, ਲਖਣ, ਮਾਜਰਾ, ਰੋਹਤਕ ਆਦਿ ਥਾਵਾਂ ਤੇ ਸਹਿਮੀ ਹੋਈ ਹਿੰਦੂ ਜਨਤਾ ਵਿਚ **'ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਉ'** ਦਾ ਪ੍ਰਚਾਰ ਕਰਦੇ ਆਗਰੇ ਪੁੱਜੇ। ਖ਼ਾਸ ਸੇਵਕ **ਆਪਣੇ ਨਾਲ ਤਿੰਨ ਹੀ ਰੱਖੇ। ਭਾਈ ਮਤੀਦਾਸ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ। ਆਪ ਦੇ ਪ੍ਰਚਾਰ ਨੇ ਲੋਕਾਂ ਵਿਚ ਜਾਗਰਤੀ ਲਿਆਂਦੀ। ਲੋਕਾਂ ਵਿਚ ਜ਼ੁਲਮ ਵਿਰੁੱਧ ਡਟ ਜਾਣ ਦਾ ਬਲ ਤੇ ਉਤਸ਼ਾਹ ਆਇਆ। ਇਸ ਗੱਲ ਦੀ ਰਿਪੋਰਟ ਔਰੰਗਜ਼ੇਬ ਪਾਸ ਹਸਨ ਅਬਦਾਲ ਪੁੱਜੀ। ਉਸ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਜਾਰੀ ਕੀਤੇ। ਆਗਰੇ ਤੋਂ ਗੁਰੂ ਜੀ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਮੇਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦੇ ਗਏ।**

**ਭਾਈ ਗੁਰਦਿੱਤਾ ਜੀ ਤੇ ਭਾਈ ਜੈਤਾ ਜੀ ਪਹਿਲਾਂ ਹੀ ਦਿੱਲੀ ਵਿਚ ਸਨ।**

ਗੁਰੂ ਜੀ ਨੇ ਭਾਈ ਜੈਤਾ ਜੀ ਤੇ ਭਾਈ ਗੁਰਦਿੱਤਾ ਜੀ ਦੀ ਡਿਊਟੀ ਲਗਾਈ ਕਿ ਉਹ ਸ਼ਹਿਰ ਵਿਚ ਰਹਿਣ ਤੇ ਜੋ ਗੁਰੂ ਜੀ ਨਾਲ ਬੀਤੇ, ਉਸ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਰਿਪੋਰਟ ਪਹੁੰਚਾਣ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਇਆਲਾ ਜੀ ਨੂੰ ਗੁਰੂ ਜੀ ਨੇ ਆਪਣੇ ਨਾਲ ਰੱਖਿਆ।

ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲੀ ਗੱਲ ਇਹ ਕਹੀ ਗਈ ਕਿ ਉਹ ਇਸਲਾਮ ਕਬੂਲ ਕਰਨ। ਜੇ ਉਹ ਇਹ ਨਹੀਂ ਮੰਨਦੇ ਤਾਂ ਕਰਾਮਾਤ ਵਿਖਾਉਣ। ਨਹੀਂ ਤਾਂ ਸੀਸ ਦੇਣ ਲਈ ਤਿਆਰ ਹੋ ਜਾਣ।

ਗੁਰੂ ਜੀ ਨੇ ਕਿਹਾ, "ਧਰਮ ਛੱਡਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕਰਾਮਾਤ ਦਿਖਾਉਣਾ ਪ੍ਰਭੂ ਦੇ ਸੇਵਕਾਂ ਨੂੰ ਸ਼ੋਭਦਾ ਨਹੀਂ। ਸੀਸ ਦੇਣ ਲਈ ਅਸੀਂ ਤਿਆਰ ਹਾਂ, ਕਿਉਂਕਿ ਸੀਸ ਦੇਣ ਲਈ ਹੀ ਤਾਂ ਆਏ ਹਾਂ।"

ਗੁਰੂ ਤੇਗ ਬਹਾਦਰ ਜੀ ਨੂੰ ਡਰਾਉਣ ਦੀ ਖਾਤਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਧਰਮ ਛੱਡਣ ਤੋਂ ਨਾਂਹ ਕਰਨ ਤੇ ਉਹਨਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਦੋ-ਫਾੜ ਕੀਤਾ ਗਿਆ। ਫਿਰ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ਜੀ ਨੂੰ ਵੀ ਇਸੇ ਕਾਰਨ ਰੂੰ ਵਿਚ ਲਪੇਟ ਕੇ ਜੀਊਂਦਾ ਸਾੜ ਦਿੱਤਾ ਗਿਆ। ਉਪਰੰਤ ਗੁਰੂ ਤੇਗ ਬਹਾਦਰ ਸਾਹਿਬ ਨੂੰ 11 ਨਵੰਬਰ, ਸੰਨ 1675 ਨੂੰ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ। ਜਲਾਲ-ਉਦੀਨ ਸਮਾਣੇ ਵਾਲੇ ਜਲਾਦ ਨੇ ਤਲਵਾਰ ਨਾਲ ਗੁਰੂ ਜੀ ਦਾ

ਸੀਸ, ਧੜ੍ਹ ਨਾਲੋਂ ਵੱਖ ਕਰ ਦਿੱਤਾ।

ਭਾਈ ਜੈਤਾ ਜੀ ਨੇ ਭਾਈ ਊਦਾ ਜੀ ਤੇ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਸਲਾਹ ਮਸ਼ਵਰਾ ਕਰ ਕੇ ਗੁਰੂ ਜੀ ਦਾ ਧੜ ਤੇ ਸੀਸ ਸੰਭਾਲਣ ਬਾਰੇ ਪ੍ਰੋਗਰਾਮ ਬਣਾਇਆ। ਭਾਈ ਲੱਖੀ ਸ਼ਾਹ ਗੱਡੇ ਲੈ ਕੇ ਲਾਲ ਕਿਲ੍ਹੇ ਵਿਚੋਂ ਚੂਨਾ ਕਲੀ ਸੁੱਟ ਕੇ ਚਾਂਦਨੀ ਚੌਂਕ ਵਿਚੋਂ ਲੰਘਿਆ। ਮਿਥੇ ਪ੍ਰੋਗਰਾਮ ਅਨੁਸਾਰ ਭਾਈ ਊਦੇ ਨੇ, ਜੋ ਮੁਸਲਮਾਨੀ ਭੇਸ ਵਿਚ ਸੀ, ਸਤਿਗੁਰੂ ਦਾ ਧੜ੍ਹ ਗੱਡੇ ਵਿਚ ਸੁੱਟ ਲਿਆ। ਤਿੰਨ ਮੀਲ ਜਾ ਕੇ ਪਿੰਡ ਰਕਾਬ ਗੰਜ ਵਿਖੇ ਭਾਈ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ੍ਹ ਦਾ ਸਸਕਾਰ ਕਰ ਦਿੱਤਾ, ਜਿਥੇ ਅੱਜ ਗੁਰਦੁਆਰਾ ਰਕਾਬ ਗੰਜ ਹੈ।

**ਉਧਰ ਭਾਈ ਜੈਤਾ, ਸੀਸ ਦੀ ਭਾਲ ਵਿਚ ਤਿਆਰ ਸੀ। ਉਸ ਨੇ ਇਸ ਹਫੜਾ-ਦਫੜੀ ਵਿਚ ਗੁਰੂ ਜੀ ਦਾ ਪਵਿੱਤਰ ਸੀਸ ਚੁੱਕਿਆ ਤੇ ਭਾਈ ਊਦਾ ਜੀ ਅਤੇ ਨਾਨੂੰ ਜੀ ਸਮੇਤ ਸੀਸ ਪਹਿਲਾਂ ਕੀਰਤਪੁਰ ਤੇ ਉੱਥੋਂ ਅਨੰਦਪੁਰ ਸਾਹਿਬ ਲੈ ਆਏ। ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉੱਥੇ ਅੱਜ 'ਗੁਰਦੁਆਰਾ ਸੀਸ ਗੰਜ' ਸੁਸ਼ੋਭਿਤ ਹੈ।**

# 23. ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, ਸੰਨ 1666 ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਹੋਇਆ। ਆਪ ਜੀ ਦੇ ਜਨਮ ਸਮੇਂ, ਆਪ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਢਾਕੇ ਵਿਖੇ ਗੁਰਮਤਿ ਦੇ ਪ੍ਰਚਾਰ ਲਈ ਪੁੱਜੇ ਹੋਏ ਸਨ। ਉਹ ਸੰਨ 1670 ਵਿਚ ਅਸਾਮ ਤੋਂ ਪਟਨੇ ਪੁੱਜੇ ਤੇ ਆਪਣੇ ਸਪੁੱਤਰ (ਗੁਰੂ) ਗੋਬਿੰਦ ਸਿੰਘ ਜੀ ਨੂੰ ਪਹਿਲੀ ਵਾਰੀ ਵੇਖਿਆ। (ਗੁਰੂ) ਗੋਬਿੰਦ ਸਿੰਘ ਜੀ ਉਸ ਵੇਲੇ ਸਾਢੇ ਤਿੰਨ ਸਾਲ ਦੇ ਹੋ ਚੁੱਕੇ ਸਨ। ਕੁਝ ਸਮਾਂ ਪਟਨੇ ਠਹਿਰ ਕੇ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਆ ਗਏ।

ਪਟਨੇ ਵਿਚ ਬਾਲ ਗੋਬਿੰਦ ਰਾਏ ਜੀ ਜਦੋਂ ਆਪਣੇ ਹਾਣੀਆਂ ਨਾਲ ਖੇਡਣ ਨਿਕਲਦੇ ਸਨ, ਤਾਂ ਸਾਰੇ ਬੱਚੇ ਆਪ ਨੂੰ ਆਪਣਾ ਸਰਦਾਰ ਮੰਨਦੇ ਸਨ। ਤੀਰ ਕਮਾਨ, ਫ਼ੌਜੀ ਕਵਾਇਦ ਆਦਿਕ ਖੇਡਾਂ ਖੇਡੀਆਂ ਜਾਂਦੀਆਂ। ਪਟਨੇ ਵਿਚ ਪੰਡਿਤ ਸ਼ਿਵਦੱਤ ਆਪ ਜੀ ਦੇ ਚਰਨਾਂ ਦਾ ਭੌਰਾ ਬਣਿਆ। ਰਾਜਾ ਫ਼ਤਹਿ ਚੰਦ ਮੈਣੀ ਦੀ ਰਾਣੀ ਆਪ ਜੀ ਉਤੇ ਇਤਨੀ ਪ੍ਰਸੰਨ ਹੋਈ ਕਿ ਉਸ ਨੇ ਆਪ ਜੀ ਪਾਸੋਂ ਪੁੱਤਰ

ਵਾਲਾ ਨਿੱਘ ਪ੍ਰਾਪਤ ਕੀਤਾ। ਪਟਨੇ ਵਿਖੇ ਆਪ ਨੇ ਹੋਰ ਕਈ ਕੌਤਕ ਕੀਤੇ। ਨਾਲ ਦੇ ਸਾਥੀਆਂ ਵਿਚ ਆਪ ਨੇ ਐਸੀ ਜੁਰਅਤ ਭਰ ਦਿੱਤੀ ਕਿ ਜਦੋਂ ਵੀ ਕੋਈ ਨਵਾਬ ਉਸ ਰਾਹੋਂ ਲੰਘਦਾ ਤਾਂ ਉਹ ਉਸਨੂੰ ਮੂੰਹ ਚਿੜਾਉਣ ਲੱਗ ਪੈਂਦੇ। ਆਪ ਨੇ ਸਭ ਦੇ ਡਰ ਖ਼ਤਮ ਹੀ ਕਰ ਦਿੱਤੇ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਪਰਿਵਾਰ ਨੂੰ ਪਟਨੇ ਤੋਂ ਬੁਲਾ ਭੇਜਿਆ ਤਾਂ ਪਟਨਾ ਨਿਵਾਸੀਆਂ ਦੀ ਦਸ਼ਾ ਬੜੀ ਤਰਸਯੋਗ ਸੀ। ਉਹਨਾਂ ਨੂੰ ਆਪ ਦਾ ਵਿਛੋੜਾ, ਆਪ ਦੀਆਂ ਪਿਆਰ-ਯਾਦਾਂ ਤਰਸਾ ਰਹੀਆਂ ਸਨ। ਪੰਜ ਸਾਲ ਆਪ ਨੇ ਪਟਨੇ ਵਿਚ ਗੁਜ਼ਾਰੇ ਸਨ। ਪਟਨੇ ਨੂੰ ਛੱਡ ਕੇ ਆਪ ਅਨੰਦਪੁਰ ਸਾਹਿਬ ਪੁੱਜੇ। ਇਥੇ ਆਪ ਜੀ ਨੂੰ ਫ਼ਾਰਸੀ, ਹਿੰਦੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਆਦਿ ਦੀ ਸਿਖਲਾਈ ਦਿੱਤੀ ਗਈ। ਘੋੜੇ ਦੀ ਸਵਾਰੀ ਤੇ ਸ਼ਸਤਰ-ਵਿਦਿਆ ਦਾ ਖ਼ਾਸ ਕਰਕੇ ਅਭਿਆਸ ਕਰਾਇਆ ਗਿਆ। ਆਉਣ ਵਾਲੇ ਸਮੇਂ ਵਿਚ ਪੈਣ ਵਾਲੀਆਂ ਜ਼ਿੰਮੇਵਾਰੀਆਂ ਲਈ ਆਪ ਨੂੰ ਹਰ ਤਰ੍ਹਾਂ ਨਾਲ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੇ ਨਿਪੁੰਨ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦੇਣ ਲਈ ਦਿੱਲੀ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਜਿਨ੍ਹਾਂ ਦੀ ਉਮਰ ਮਸਾਂ 9 ਸਾਲਾਂ ਦੀ ਸੀ, ਗੁਰਿਆਈ ਬਖ਼ਸ਼ ਦਿੱਤੀ।

ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਆਪ ਨੇ ਸੰਗਤਾਂ ਵਿਚ ਜੋਸ਼ ਭਰਨਾ ਅਰੰਭਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਇਹ ਜ਼ਰੂਰੀ ਹੋ ਗਿਆ ਕਿ ਫੌਜਾਂ ਤਿਆਰ ਕਰਕੇ ਹਕੂਮਤ ਨਾਲ ਟੱਕਰ ਲਈ ਜਾਵੇ। ਸਿੱਖਾਂ ਵਿਚ ਸ਼ਸਤਰ-ਵਿਦਿਆ ਦੇ ਅਭਿਆਸ ਨੂੰ ਤੇਜ਼ ਕੀਤਾ। 52 ਕਵੀ ਰੱਖ ਕੇ ਬੀਰ-ਰਸ ਭਰਪੂਰ ਸਾਹਿਤ ਤਿਆਰ ਕਰਵਾਇਆ। ਸੰਨ 1680 ਵਿਚ ਇਕ ਵੱਡਾ ਧੌਂਸਾ ਤਿਆਰ ਕਰਵਾਇਆ, ਜਿਸ ਦਾ ਨਾਂ 'ਰਣਜੀਤ ਨਗਾਰਾ' ਰੱਖਿਆ ਗਿਆ। ਜਦੋਂ ਨਗਾਰੇ ਤੇ ਚੋਟ ਪੈਂਦੀ ਸਿੱਖਾਂ ਦੇ ਮਨਾਂ ਅੰਦਰ ਬੀਰ-ਰਸ ਦਾ ਹੁਲਾਰਾ ਆ ਜਾਂਦਾ। ਸ਼ਸਤਰ ਵਿਦਿਆ ਦੇ ਨਾਲ, ਰਾਗ-ਵਿਦਿਆ ਦਾ ਵੀ ਖਾਸ ਪ੍ਰਬੰਧ ਕੀਤਾ। ਗੁਰੂ ਜੀ ਨੂੰ ਆਪ ਕੀਰਤਨ ਦਾ ਬਹੁਤ ਸ਼ੌਕ ਸੀ। ਆਪ, ਤਾਊਸ ਬੜਾ ਕਮਾਲ ਦਾ ਵਜਾਉਂਦੇ ਸਨ। ਅਨੰਦਪੁਰ ਵਿਖੇ ਲੰਗਰ ਆਰੰਭ ਕੀਤੇ। ਲੰਗਰ ਦੀ ਸਾਂਝੀ ਪੰਗਤ ਨੇ ਜ਼ਾਤ ਅਭਿਮਾਨੀਆਂ ਨੂੰ ਕਰੜੀ ਸੱਟ ਮਾਰੀ।

ਸੰਨ 1682 ਵਿਚ ਭਾਈ ਨੰਦ ਲਾਲ ਸਿੰਘ ਜੀ ਮੁਲਤਾਨ ਤੋਂ ਚੱਲ ਕੇ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਏ ਤੇ ਗੁਰੂ ਜੀ ਤੋਂ ਸਿੱਖੀ ਧਾਰਨ ਕੀਤੀ।

ਸੰਨ 1685 ਤੋਂ 1688 ਤੱਕ ਗੁਰੂ ਜੀ ਰਿਆਸਤ ਨਾਹਨ ਵਿਚ ਰਹੇ। ਨਾਹਨ

ਦੇ ਰਾਜੇ ਮੇਦਨੀ ਪ੍ਰਕਾਸ਼ ਅਤੇ ਸਿਰੀ ਨਗਰ ਦੇ ਰਾਜੇ ਫਤਹਿ ਸ਼ਾਹ ਦੀ ਸੁਲਾਹ ਕਰਾਈ। ਜਮਨਾ ਦੇ ਕੰਢੇ, ਸੰਨ 1685 ਵਿਚ ਪਾਉਂਟਾ ਸਾਹਿਬ ਗੁਰਦੁਆਰਾ ਬਣਾਇਆ। ਇਥੇ ਆਪ ਨੇ 'ਜਾਪੁ ਸਾਹਿਬ', 'ਸਵੱਈਏ' ਤੇ 'ਅਕਾਲ ਉਸਤਤਿ' ਬਾਣੀਆਂ ਰਚੀਆਂ। ਸੰਗਤਾਂ ਵਿਚ ਬੀਰ-ਰਸ ਪੈਦਾ ਕਰਨ ਲਈ ਕਵੀ ਦਰਬਾਰ ਕੀਤੇ ਜਾਣ ਲੱਗੇ। ਇਥੋਂ 25 ਮੀਲਾਂ ਦੀ ਵਿੱਥ ਤੇ ਪਿੰਡ ਸਢੌਰਾ ਸੀ। ਸਢੌਰੇ ਦਾ ਪੀਰ ਸੱਯਦ ਬੁੱਧੂ ਸ਼ਾਹ ਆਪ ਜੀ ਦਾ ਸੇਵਕ ਬਣਿਆ, ਜਿਸ ਨੇ 500 ਪਠਾਣ ਗੁਰੂ ਜੀ ਦੀ ਫ਼ੌਜ ਵਾਸਤੇ ਅਰਪਣ ਕੀਤੇ।

ਸਤੰਬਰ, 1688 ਨੂੰ ਭੰਗਾਣੀ ਦਾ ਯੁੱਧ ਹੋਇਆ। ਕਹਿਲੂਰ ਦੇ ਰਾਜੇ ਭੀਮ ਚੰਦ ਨੇ ਪਹਾੜੀ ਰਾਜਿਆਂ ਨੂੰ ਨਾਲ ਰਲਾ ਕੇ ਸਤਿਗੁਰੂ ਜੀ ਉੱਤੇ ਹੱਲਾ ਬੋਲ ਦਿੱਤਾ। ਪਾਉਂਟੇ ਤੋਂ 7 ਮੀਲ ਪੂਰਬ ਵੱਲ ਜਮਨਾ ਅਤੇ ਗਿਰੀ ਨਦੀ ਦੇ ਵਿਚਕਾਰ ਵਾਲੀ ਥਾਂ ਭੰਗਾਣੀ ਵਿਖੇ ਜੰਗ ਹੋਇਆ। ਇਸ ਜੰਗ ਵਿਚ ਗੁਰੂ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਪੰਜੇ ਪੁੱਤਰਾਂ ਨੇ ਤੇ ਮਾਮਾ ਕ੍ਰਿਪਾਲ ਚੰਦ ਜੀ ਨੇ ਹਿੱਸਾ ਲਿਆ। ਪੀਰ ਬੁੱਧੂ ਸ਼ਾਹ, ਚਾਰੇ ਪੁੱਤਰ, ਦੋਵੇਂ ਭਰਾ ਤੇ 700 ਮੁਰੀਦ ਲੈ ਕੇ ਸ਼ਾਮਲ ਹੋਇਆ। ਗੁਰੂ ਕੇ ਸਿੱਖ ਮਹੰਤ ਕ੍ਰਿਪਾਲ ਦਾਸ ਉਦਾਸੀ ਨੇ ਮੋਟੇ ਸੋਟੇ ਨਾਲ ਹਯਾਤ ਖਾਂ ਦਾ ਸਿਰ ਫੇਹ ਦਿੱਤਾ। ਪਹਾੜੀ ਰਾਜਿਆਂ ਦੀ ਹਾਰ ਹੋਈ। ਬੀਬੀ ਵੀਰੋ ਜੀ ਦੇ ਪੁੱਤਰ ਸੰਗੋ ਸ਼ਾਹ ਅਤੇ ਜੀਤ ਮੱਲ ਸ਼ਹੀਦ ਹੋਏ। ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਅਤੇ ਇਕ ਭਰਾ ਸ਼ਹੀਦ ਹੋਇਆ। ਹੋਰ ਅਨੇਕਾਂ ਸਿੱਖ ਸ਼ਹੀਦ ਹੋ ਗਏ। ਰਾਜਾ ਹਰੀ ਚੰਦ ਪਹਾੜੀ ਰਾਜੇ ਸਮੇਤ ਤਿੰਨ ਪਹਾੜੀ ਰਾਜੇ ਮਾਰੇ ਗਏ। ਸਤਿਗੁਰੂ ਜੀ ਨੇ ਅਗਲੇ ਦਿਨ ਪੀਰ ਬੁੱਧੂ ਸ਼ਾਹ ਨੂੰ ਇਕ ਕਟਾਰ, ਇਕ ਸੁੰਦਰ ਪੁਸ਼ਾਕ, ਇਕ ਆਪਣੇ ਹੱਥੀਂ ਲਿਖਿਆ ਹੁਕਮਨਾਮਾ ਬਖਸ਼ਿਆ। ਪੀਰ ਬੁੱਧੂ ਸ਼ਾਹ ਨੇ ਗੁਰੂ ਜੀ ਦਾ ਕੰਘਾ, ਜੋ ਆਪ ਵਰਤ ਕੇ ਹਟੇ ਹੀ ਸਨ ਅਤੇ ਜਿਸ ਵਿਚ ਕੁਝ ਕੇਸ ਅੜੇ ਹੋਏ ਸਨ, ਆਪ ਮੰਗ ਕੇ ਲਿਆ। ਅੱਧੀ ਦਸਤਾਰ ਪੀਰ ਬੁੱਧੂ ਸ਼ਾਹ ਨੂੰ ਤੇ ਅੱਧੀ ਦਸਤਾਰ ਮਹੰਤ ਕ੍ਰਿਪਾਲ ਦਾਸ ਨੂੰ ਬਖ਼ਸ਼ ਦਿੱਤੀ ਗਈ।

ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਜੀ ਅਕਤੂਬਰ, ਸੰਨ 1688 ਵਿਚ ਵਾਪਸ ਅਨੰਦਪੁਰ ਆ ਗਏ ਤੇ ਦਸੰਬਰ 1704 ਤੱਕ 16 ਸਾਲ ਅਨੰਦਪੁਰ ਸਾਹਿਬ ਹੀ ਰਹੇ।

ਸੰਨ 1691 ਵਿਚ ਨਦੌਣ ਦਾ ਜੰਗ, ਜੰਮੂ ਦੇ ਨਵਾਬ ਅਲਫ ਖ਼ਾਂ ਨਾਲ ਹੋਇਆ। ਸੰਨ 1696 ਵਿਚ 'ਹੁਸੈਨੀ ਯੁੱਧ' ਹੋਇਆ, ਜਿਸ ਵਿਚ ਪਹਾੜੀ ਰਾਜੇ ਹੁਸੈਨ ਖ਼ਾਂ ਨੂੰ ਚੜ੍ਹਾ ਕੇ ਲਿਆਏ ਸਨ। ਦੋਹਾਂ ਯੁੱਧਾਂ ਵਿਚ ਗੁਰੂ ਜੀ ਦੀ ਜਿੱਤ ਹੋਈ ਤੇ ਪਹਾੜੀ ਰਾਜਿਆਂ ਨੂੰ ਮੂਹ ਦੀ ਖਾਣੀ ਪਈ।

ਸੰਨ 1697 ਵਿਚ ਭਾਈ ਨੰਦ ਲਾਲ ਜੀ ਫਿਰ ਗੁਰੂ ਗੋਬਿੰਦ ਸਿੰਘ ਜੀ

ਦੇ ਦਰਬਾਰ ਵਿਚ ਆਏ। ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਕੇਸਗੜ੍ਹ ਦੇ ਅਸਥਾਨ ਤੇ ਪੰਜ ਪਿਆਰਿਆਂ ਦੀ ਚੋਣ ਕੀਤੀ ਤੇ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਤਿਆਰ ਕੀਤਾਂ। ਸੰਨ 1700 ਤੋਂ ਮਾਰਚ 1704 ਤੱਕ ਪਹਾੜੀ ਰਾਜਿਆਂ ਨਾਲ ਅਨੰਦਪੁਰ ਸਾਹਿਬ ਵਿਖੇ ਤਿੰਨ ਵੱਡੀਆਂ ਲੜਾਈਆਂ ਲੜੀਆਂ ਤੇ ਹਰ ਵਾਰੀ ਜਿੱਤ ਪ੍ਰਾਪਤ ਕੀਤੀ। ਪਹਾੜੀ ਰਾਜਿਆਂ ਦੇ ਕਹਿਣ ਤੇ ਔਰੰਗਜ਼ੇਬ ਨੇ ਦਿੱਲੀ ਤੋਂ ਮੁਗ਼ਲ ਫ਼ੌਜ ਵੀ ਭੇਜੀ ਤਾਂ ਕਿ ਗੁਰੂ ਜੀ ਨੂੰ ਪਕੜਿਆ ਜਾ ਸਕੇ। ਸੰਨ 1704, ਮਈ ਦੇ ਮਹੀਨੇ, ਅਨੰਦਪੁਰ ਦੀ ਆਖਰੀ ਲੜਾਈ ਆਰੰਭ ਹੋਈ। ਬਹੁਤ ਸਮਾਂ ਜੰਗ ਹੁੰਦਾ ਰਿਹਾ। ਸਰਹੰਦ ਦਾ ਸੂਬੇਦਾਰ ਵਜ਼ੀਰ ਖ਼ਾਂ ਫ਼ੌਜ ਲੈ ਕੇ ਪਹੁੰਚ ਗਿਆ ਸੀ। ਮੁਗ਼ਲ ਫ਼ੌਜ ਨੇ ਸੱਤ ਮਹੀਨੇ ਅਨੰਦਪੁਰ ਨੂੰ ਘੇਰਾ ਪਾਈ ਰੱਖਿਆ। ਕਿਲ੍ਹੇ ਅੰਦਰ ਰਸਦ-ਪਾਣੀ ਖ਼ਤਮ ਹੋ ਗਿਆ। ਅਖ਼ੀਰ 20-21 ਦਸੰਬਰ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਬਾਕੀ ਸਿੱਖਾਂ ਸਮੇਤ ਅਨੰਦਪੁਰ ਦਾ ਕਿਲ੍ਹਾ ਛੱਡਿਆ।

ਸਿੰਘ ਅਜੇ ਕੀਰਤਪੁਰ ਹੀ ਲੰਘੇ ਸਨ, ਕਿ ਵੈਰੀ ਦਲ ਸਿੰਘਾਂ ਉੱਤੇ ਟੁੱਟ ਪਿਆ। ਸਰਸਾ ਨਦੀ ਪਾਣੀ ਨਾਲ ਠਾਠਾਂ ਮਾਰ ਰਹੀ ਸੀ। ਸਰਸਾ ਨਦੀ ਤੇ ਭਿਆਨਕ ਜੰਗ ਹੋਇਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਗੁਰੂ ਜੀ ਨਾਲੋਂ ਵਿਛੜ ਗਏ। ਗੁਰੂ ਜੀ ਚਮਕੌਰ ਸਾਹਿਬ ਪੁੱਜੇ ਜਿਥੇ 22 ਦਸੰਬਰ ਸੰਨ 1704 ਨੂੰ ਚਮਕੌਰ ਦਾ ਯੁੱਧ ਹੋਇਆ। 40 ਸਿੰਘਾਂ ਨੇ ਬਹੁਤ ਵੱਡੀ ਫ਼ੌਜ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਵੈਰੀਆਂ ਦੇ ਆਹੂ ਲਾਹੁੰਦੇ ਸ਼ਹੀਦ ਹੋ ਗਏ। ਪੰਜਾਂ ਸਿੰਘਾਂ ਦੇ ਫੈਸਲੇ ਅਨੁਸਾਰ ਗੁਰੂ ਜੀ ਚਮਕੌਰ ਦੀ ਗੜ੍ਹੀ ਤੋਂ ਬਾਹਰ ਨਿਕਲੇ ਤੇ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ। ਮਾਛੀਵਾੜੇ ਤੋਂ ਹੇਹਰਾਂ ਤੱਕ ਉੱਚ ਦੇ ਪੀਰ ਬਣ ਕੇ ਗਏ। 27 ਦਸੰਬਰ ਸੰਨ 1704 ਨੂੰ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ।

ਗੁਰੂ ਜੀ ਨੇ ਪਿੰਡ ਦੀਨੇ ਵਿਖੇ ਪੁੱਜ ਕੇ ਔਰੰਗਜ਼ੇਬ ਵੱਲ ਫ਼ਾਰਸੀ ਵਿਚ ਇਕ ਚਿੱਠੀ ਲਿਖੀ, ਜਿਸ ਨੂੰ ਜ਼ਫਰਨਾਮਾ (ਜਿੱਤ ਦੀ ਚਿੱਠੀ) ਕਿਹਾ ਜਾਂਦਾ ਹੈ। ਇਹ ਜ਼ਫਰਨਾਮਾ ਭਾਈ ਦਇਆ ਸਿੰਘ ਜੀ ਲੈ ਕੇ ਗਏ ਸਨ। ਮਈ ਦੇ ਮਹੀਨੇ ਸੰਨ 1705 ਵਿਚ 'ਮੁਕਤਸਰ' ਵਿਖੇ ਮੁਗ਼ਲ ਫੌਜਾਂ ਨਾਲ ਘਮਸਾਨ ਦਾ ਜੰਗ ਹੋਇਆ, ਜਿਸ ਵਿਚ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਜਥੇਦਾਰ, ਬਾਕੀ ਸਿੱਖਾਂ ਸਮੇਤ ਬੜੀ ਬਹਾਦਰੀ ਨਾਲ ਲੜੇ। ਭਾਈ ਮਹਾਂ ਸਿੰਘ ਜੀ ਸ਼ਹੀਦ ਹੋ ਗਏ। ਵੈਰੀ ਦਲ ਹਾਰ ਖਾ ਕੇ ਭੱਜ ਉੱਠਿਆ। ਸ਼ਹੀਦ ਸਿੰਘਾਂ ਦਾ ਜਿਥੇ ਸਸਕਾਰ ਕੀਤਾ ਗਿਆ, ਉਥੇ ਅੱਜ 'ਗੁਰਦੁਆਰਾ ਸ਼ਹੀਦ ਗੰਜ' ਬਣਿਆ ਹੋਇਆ ਹੈ।

ਮੁਕਤਸਰ ਤੋਂ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਭਾਈ ਡੱਲੇ ਦੀ ਪਰਖ ਕੀਤੀ ਤੇ ਅੰਮ੍ਰਿਤ ਛਕਾ ਕੇ ਭਾਈ ਡੱਲਾ ਸਿੰਘ ਬਣਾਇਆ। ਇਥੇ ਹੀ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ, ਜਿਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵੀ ਦਰਜ ਕੀਤੀ।

ਅਕਤੂਬਰ, 1706 ਈ: ਵਿਚ ਆਪ ਦੱਖਣ ਵੱਲ ਚੱਲ ਪਏ। 20 ਫ਼ਰਵਰੀ, ਸੰਨ 1707 ਨੂੰ ਔਰੰਗਜ਼ੇਬ ਮਰ ਗਿਆ। ਬਹਾਦਰ ਸ਼ਾਹ ਨੇ ਤਖ਼ਤ ਤੇ ਬੈਠਣ ਵਾਸਤੇ ਗੁਰੂ ਜੀ ਪਾਸੋਂ ਮਦਦ ਮੰਗੀ। ਗੁਰੂ ਜੀ ਨੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਇਕ ਜਥਾ ਭੇਜਿਆ। ਬਹਾਦਰ ਸ਼ਾਹ ਦੀ ਜਿੱਤ ਹੋਈ। ਉਸ ਦਾ ਭਰਾ 'ਆਜ਼ਮ' ਮਾਰਿਆ ਗਿਆ। ਤਖ਼ਤ ਬਹਾਦਰ ਸ਼ਾਹ ਦੇ ਹੱਥ ਲੱਗਾ। ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਕੀਮਤੀ ਭੇਟਾਂ ਪੇਸ਼ ਕੀਤੀਆਂ। ਗੁਰੂ ਜੀ ਉਸ ਸਮੇਂ ਆਗਰੇ ਵਿਚ ਸਨ। ਅਗਸਤ 1707 ਤੋਂ ਸਤੰਬਰ 1708 ਤੱਕ ਗੁਰੂ ਜੀ ਬਹਾਦਰ ਸ਼ਾਹ ਦੇ ਨਾਲ ਰਹੇ। ਸਤੰਬਰ, 1708 ਦੇ ਅਰੰਭ ਵਿਚ ਨੰਦੇੜ ਅੱਪੜੇ। ਨੰਦੇੜ ਵਿਖੇ ਬੈਰਾਗੀ ਲਛਮਣ ਦਾਸ ਨੂੰ ਮਿਲੇ। ਉਸ ਨੂੰ ਸਿੰਘ ਸਜਾਇਆ ਤੇ 'ਬਾਬਾ ਬੰਦਾ ਸਿੰਘ' ਬਣਾ ਕੇ ਪੰਜਾਬ ਵੱਲ ਭੇਜਿਆ।

ਸਤੰਬਰ, ਸੰਨ 1708 ਦੇ ਤੀਜੇ ਹਫ਼ਤੇ, ਵਜ਼ੀਰ ਖ਼ਾਂ ਸੂਬਾ ਸਰਹੰਦ ਦੇ ਭੇਜੇ ਹੋਏ ਦੋ ਪਠਾਣਾਂ ਨੇ ਇਕ ਰਾਤ ਧੋਖੇ ਨਾਲ ਗੁਰੂ ਜੀ ਉੱਤੇ ਛੁਰੇ ਨਾਲ ਵਾਰ ਕਰ ਦਿੱਤਾ। ਸਤਿਗੁਰੂ ਜੀ ਨੇ ਇਕ ਪਠਾਣ ਨੂੰ ਤਾਂ ਉਸੇ ਸਮੇਂ ਤਲਵਾਰ ਦੇ ਨਾਲ ਖ਼ਤਮ ਕਰ ਦਿੱਤਾ ਤੇ ਦੂਜਾ ਪਠਾਣ ਸਿੰਘਾਂ ਦੇ ਹੱਥੋਂ ਮਾਰਿਆ ਗਿਆ। ਇਕ ਜਰਾਹ ਨੂੰ ਸੱਦ ਕੇ ਲਿਆਂਦਾ ਗਿਆ, ਜਿਸ ਨੇ ਜ਼ਖ਼ਮ ਧੋ ਕੇ ਸਾਫ਼ ਕਰ ਕੇ ਸੀਊਂ ਦਿੱਤੇ। ਮਲ੍ਹਮ ਪੱਟੀ ਕਰ ਦਿੱਤੀ। ਜ਼ਖ਼ਮ ਰਾਜ਼ੀ ਹੋਣਾ ਆਰੰਭ ਹੋ ਗਿਆ।

6 ਅਕਤੂਬਰ, 1708 ਨੂੰ ਕਮਾਨ ਤੇ ਚਿੱਲਾ ਚੜ੍ਹਾਉਣ ਸਮੇਂ ਸੀਤੇ ਫੱਟਾਂ ਦੇ ਤੋਪੇ ਉਖੜ ਗਏ। ਕੋਸ਼ਿਸ਼ ਕਰਨ ਤੇ ਜ਼ਖ਼ਮ ਸੀਤੇ ਗਏ, ਪਰ ਗੁਰੂ ਜੀ ਨੇ ਕਿਹਾ ਹੁਣ ਅੰਤ ਸਮਾਂ ਆਣ ਪੁੱਜਾ ਹੈ। ਉਸੇ ਦਿਨ ਗੁਰੂ ਜੀ ਨੇ ਦੀਵਾਨ ਸਜਾਇਆ ਅਤੇ ਸੰਗਤਾਂ ਦੇ ਭਾਰੀ ਇਕੱਠ ਵਿਚ ਹੁਕਮ ਕੀਤਾ ਕਿ ਸ਼ਖਸੀ ਗੁਰਿਆਈ ਦਾ ਸਿਲਸਿਲਾ ਖ਼ਤਮ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਅਤੇ ਪੰਥ ਹੀ ਸਾਂਝੇ ਰੂਪ ਵਿਚ ਗੁਰੂ ਹੋਣਗੇ। ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ 'ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ' ਆਖ ਕੇ ਸਦਾ ਵਾਸਤੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖ਼ਸ਼ ਦਿੱਤੀ।

ਗੁਰੂ ਜੀ 7 ਅਕਤੂਬਰ, ਸੰਨ 1708 ਨੂੰ ਅੰਮ੍ਰਿਤ ਵੇਲੇ ਜੋਤੀ ਜੋਤਿ ਸਮਾ ਗਏ।

# 24. ਵਿਸਾਖੀ

ਵਿਸਾਖੀ ਸਿੱਖਾਂ ਦਾ ਬੜਾ ਪਿਆਰਾ ਤਿਉਹਾਰ ਹੈ। ਵਿਸਾਖੀ ਖ਼ਾਲਸੇ ਦਾ ਸਾਜਨਾ ਦਿਵਸ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਪਹਿਲਾਂ ਹੀ ਇਹ ਹਦਾਇਤ ਕਰ ਦਿੱਤੀ ਸੀ ਕਿ ਸਿੱਖ ਕੇਸ ਨਹੀਂ ਕਟਾਉਣਗੇ। ਸਿੱਖ ਸ਼ਰਾਬ ਨਹੀਂ ਪੀਣਗੇ। ਹੋਰ ਨਸ਼ੇ ਨਹੀਂ ਕਰਨਗੇ। ਸਿੱਖ ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਨਗੇ, ਕੇਵਲ ਵਾਹਿਗੁਰੂ ਦਾ ਨਾਮ ਜਪਣਗੇ। ਸਿੱਖ ਤੀਰਥ ਇਸ਼ਨਾਨ ਨਹੀਂ ਕਰਨਗੇ, ਵਰਤ ਨਹੀਂ ਰੱਖਣਗੇ, ਸੰਤਾਂ ਸਾਧਾਂ ਨੂੰ ਮੱਥਾ ਨਹੀਂ ਟੇਕਣਗੇ। ਸਿੱਖ ਗੁਰੂ ਦੀ ਬਾਣੀ ਨੂੰ ਮੰਨਣਗੇ। ਜੋ ਗੁਰਬਾਣੀ ਕਹੇਗੀ ਉਸੇ ਅਨੁਸਾਰ ਕੰਮ ਕਰਨਗੇ। ਜੇ ਕੋਈ ਇਹ ਗੱਲਾਂ ਮੰਨਦਾ ਸੀ, ਉਸ ਨੂੰ ਗੁਰੂ ਜੀ ਆਪਣਾ ਸਿੱਖ ਬਣਾਉਂਦੇ ਸਨ। ਸਿੱਖ ਚਰਨ ਪਾਹੁਲ ਦੇ ਕੇ ਬਣਾਇਆ ਜਾਂਦਾ ਸੀ। ਚਰਨ ਪਾਹੁਲ ਨੂੰ ਚਰਨ ਅੰਮ੍ਰਿਤ ਵੀ ਕਹਿੰਦੇ ਹਨ। ਸਿੱਖ ਬਣਨ ਵਾਸਤੇ ਚਰਨ ਪਾਹੁਲ ਲੈਣੀ ਜ਼ਰੂਰੀ ਸੀ।

ਸਾਰੇ ਗੁਰੂ ਚਰਨ ਪਾਹੁਲ ਦੇ ਕੇ ਸਿੱਖ ਬਣਾਉਂਦੇ ਸਨ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਬਣਾਉਣ ਦਾ ਤਰੀਕਾ ਬਦਲ ਦਿੱਤਾ। ਹੁਣ ਉਹ ਚਰਨ ਪਾਹੁਲ ਨਹੀਂ ਸਨ ਦੇਂਦੇ। ਉਹਨਾਂ ਨੇ ਚਰਨ ਪਾਹੁਲ ਨੂੰ ਖੰਡੇ ਦੇ ਅੰਮ੍ਰਿਤ ਵਿਚ ਬਦਲ ਦਿੱਤਾ। ਸਿੱਖ ਬਣਨ ਲਈ ਹਰ ਸਿੱਖ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਜ਼ਰੂਰੀ ਹੈ।

ਗੁਰੂ ਜੀ ਨੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਸਿੱਖਾਂ ਦਾ ਇਮਤਿਹਾਨ ਲਿਆ। ਉਹਨਾਂ ਨੇ ਸਿੱਖਾਂ ਕੋਲੋਂ ਸਿਰ ਮੰਗੇ। ਪਹਿਲਾਂ ਦਇਆ ਰਾਮ ਜੀ ਆਏ। ਉਹਨਾਂ ਆਪਣਾ ਸੀਸ ਭੇਟ ਕੀਤਾ। ਫੇਰ ਧਰਮ ਚੰਦ ਜੀ ਆਏ। ਫਿਰ ਹਿੰਮਤ ਰਾਏ ਜੀ ਆਏ। ਫੇਰ ਮੋਹਕਮ ਚੰਦ ਤੇ ਪੰਜਵੇਂ ਸਾਹਿਬ ਚੰਦ ਜੀ ਆਏ। ਸਭ ਨੇ ਸੀਸ ਭੇਟ ਕੀਤਾ।

ਗੁਰੂ ਜੀ ਨੇ ਹੋਰ ਸੀਸ ਨਹੀਂ ਮੰਗੇ। ਸਿੱਖ ਇਮਤਿਹਾਨ ਵਿਚੋਂ ਪਾਸ ਹੋ ਗਏ। ਗੁਰੂ ਜੀ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ। ਉਹਨਾਂ ਨੂੰ ਪੰਜ ਪਿਆਰੇ ਆਖਿਆ। ਗੁਰੂ ਜੀ ਨੇ ਉਹਨਾਂ ਦੇ ਨਾਮ ਵੀ ਬਦਲ ਦਿੱਤੇ।

ਪੰਜਾਂ ਪਿਆਰਿਆਂ ਦੇ ਨਾਮ ਹੇਠ ਲਿਖੇ ਹਨ :

1. ਭਾਈ ਦਇਆ ਸਿੰਘ ਜੀ।
2. ਭਾਈ ਧਰਮ ਸਿੰਘ ਜੀ।

3. ਭਾਈ ਹਿੰਮਤ ਸਿੰਘ ਜੀ।

4. ਭਾਈ ਮੋਹਕਮ ਸਿੰਘ ਜੀ।

5. ਭਾਈ ਸਾਹਿਬ ਸਿੰਘ ਜੀ।

ਫਿਰ ਗੁਰੂ ਜੀ ਨੇ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛਕਿਆ ਤੇ ਆਪ ਦਾ ਨਾਮ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਹੋਇਆ। ਗੁਰੂ ਜੀ ਨੇ ਅੰਮ੍ਰਿਤ ਛਕਾਉਣ ਦਾ ਅਧਿਕਾਰ ਸਿੱਖਾਂ ਦੇ ਹਵਾਲੇ ਕਰ ਦਿੱਤਾ। ਕੋਈ ਪੰਜ ਸਿੰਘ, ਜੋ ਰਹਿਤ ਵਿਚ ਪੱਕੇ ਹੋਣ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ ਤਿਆਰ ਕਰ ਕੇ ਛਕਾ ਸਕਦੇ ਹਨ। ਅੰਮ੍ਰਿਤ ਛਕ ਕੇ ਹੀ ਅਸੀਂ ਸਿੱਖ ਬਣਦੇ ਹਾਂ। ਸਾਡੇ ਨਾਮ ਨਾਲ ਸਿੰਘ ਲੱਗ ਜਾਂਦਾ ਹੈ। ਬੀਬੀਆਂ ਦੇ ਨਾਂ ਨਾਲ ਕੌਰ ਲਾਇਆ ਜਾਂਦਾ ਹੈ। ਸਿੰਘ ਸ਼ੇਰ ਨੂੰ ਕਹਿੰਦੇ ਹਨ।

ਕੌਰ ਸ਼ਬਦ ਦਾ ਭਾਵ ਹੈ ਕੁੰਵਰਿ। ਰਾਜਿਆਂ ਮਹਾਰਾਜਿਆਂ ਦੀਆਂ ਲੜਕੀਆਂ ਨੂੰ ਕੁੰਵਰਿ ਜਾਂ ਕੁਮਾਰੀ ਨਾਮ ਨਾਲ ਬੁਲਾਇਆ ਜਾਂਦਾ ਸੀ। ਇਹ ਉਪਾਧੀ ਕੇਵਲ ਉਹਨਾਂ ਲਈ ਹੀ ਰਾਖਵੀਂ ਸੀ, ਪਰ ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਸਭ ਸਿੰਘਣੀਆਂ ਨੂੰ ਕੌਰ ਦੀ ਉਪਾਧੀ ਬਖਸ਼ ਦਿੱਤੀ।

ਅਸੀਂ ਵਿਸਾਖੀ ਦੇ ਤਿਉਹਾਰ ਨੂੰ ਯਾਦ ਰੱਖਣਾ ਹੈ ਕਿਉਂਕਿ ਇਸ ਦਿਨ ਸਾਡਾ ਇਮਤਿਹਾਨ ਲਿਆ ਗਿਆ ਸੀ। ਅਸੀਂ ਇਮਤਿਹਾਨ ਵਿਚੋਂ ਪਾਸ ਹੋਏ ਸੀ। ਅਸੀਂ ਅੰਮ੍ਰਿਤ ਛਕ ਕੇ 'ਖ਼ਾਲਸਾ' ਬਣ ਗਏ ਸੀ।

**ਸਿਖਿਆ :** ਅਸੀਂ ਗੁਰੂ ਜੀ ਦੇ ਸਿੱਖ ਬਣਨਾ ਹੈ। ਸਿੱਖ, ਅੰਮ੍ਰਿਤ ਛਕ ਕੇ ਬਣੀਦਾ ਹੈ। ਅੰਮ੍ਰਿਤ ਸਾਨੂੰ ਬਹਾਦਰ ਬਣਾਉਂਦਾ ਹੈ। ਅੰਮ੍ਰਿਤ ਛਕ ਕੇ ਸਾਰੇ ਡਰ ਦੂਰ ਹੋ ਜਾਂਦੇ ਹਨ। ਅੰਮ੍ਰਿਤ ਛਕੇ ਬਿਨਾਂ ਅਸੀਂ ਸਿੱਖ ਨਹੀਂ ਅਖਵਾ ਸਕਦੇ।

## 25. ਭਾਈ ਬਚਿੱਤਰ ਸਿੰਘ ਜੀ

ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਕਿਲ੍ਹੇ ਨੂੰ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਘੇਰ ਲਿਆ ਤਾਂ ਕਿ ਕਿਲ੍ਹੇ ਅੰਦਰ ਰਸਦ-ਪਾਣੀ ਨਾ ਜਾ ਸਕੇ ਤੇ ਸਿੰਘਾਂ ਨੂੰ ਹਾਰ ਮੰਨਣ ਲਈ ਮਜ਼ਬੂਰ ਕੀਤਾ ਜਾ ਸਕੇ। ਸਾਰੇ ਪਾਸਿਉਂ ਘੇਰਾ ਪਿਆ ਹੋਇਆ ਸੀ। ਨਾ ਕੋਈ ਅੰਦਰ ਜਾ ਸਕਦਾ ਸੀ ਤੇ ਨਾ ਹੀ ਬਾਹਰ ਆ ਸਕਦਾ ਸੀ। ਲਗਪਗ ਵੀਹ ਦਿਨ ਘੇਰਾ ਪਿਆ ਰਿਹਾ। ਵੈਰੀ ਦੀ ਕੋਈ ਪੇਸ਼ ਨਾ ਗਈ। ਕਾਹਲੇ ਪੈ ਕੇ ਉਹਨਾਂ ਨੇ ਇਕ ਨਵੀਂ ਚਾਲ ਚੱਲੀ। ਲੜਾਈ ਦਾ ਦੋ-ਟੁਕ

ਫ਼ੈਸਲਾ ਕਰਨ ਲਈ, ਕਿਲ੍ਹਾ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਦੀ ਤਜਵੀਜ਼ ਬਣਾਈ ਗਈ। ਇਕ ਬਹੁਤ ਤਾਕਤਵਰ ਹਾਥੀ ਨੂੰ ਸ਼ਰਾਬ ਪਿਲਾ ਕੇ ਉਸ ਦੇ ਮੱਥੇ ਤੇ ਲੋਹੇ ਦੇ ਤਵੇ ਬੰਨ੍ਹੇ ਗਏ। ਸ਼ਰਾਬ ਦੇ ਨਸ਼ੇ ਵਿਚ ਮਸਤ ਹਾਥੀ, ਚਿੰਘਾੜਦਾ ਹੋਇਆ ਕਿਲ੍ਹੇ ਦੇ ਦਰਵਾਜ਼ੇ ਵੱਲ ਵਧਿਆ। ਮਸਤ ਹਾਥੀ ਦੇ ਪਿੱਛੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਸਨ।

ਇਸ ਹਾਥੀ ਦੇ ਮੁਕਾਬਲੇ ਲਈ ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਨੂੰ ਤਿਆਰ ਕੀਤਾ। ਭਾਈ ਬਚਿੱਤਰ ਸਿੰਘ ਦੂਜੇ ਸਿੰਘਾਂ ਵਾਂਗ ਅੰਮ੍ਰਿਤਧਾਰੀ ਸਿੰਘ ਸੀ। ਉਹ ਗੁਰੂ ਜੀ ਦੇ ਹੁਕਮ ਤੋਂ ਆਪਣੀਆਂ ਜਾਨਾਂ ਵਾਰਨ ਵਾਲੇ ਸਿੰਘਾਂ ਵਿਚੋਂ ਸੀ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਨੂੰ ਖਾਸ ਨੋਕ ਵਾਲਾ "ਨਾਗਨੀ ਬਰਛਾ" (ਨੇਜ਼ਾ) ਦਿੱਤਾ। (ਇਹ ਬਰਛਾ ਅੱਜ ਵੀ ਅਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।)

ਭਾਈ ਸਾਹਿਬ ਨੇ ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹ ਕੇ ਹਾਥੀ ਨੂੰ ਜਾ ਲਲਕਾਰਿਆ। ਉਹ ਬਿਲਕੁਲ ਘਬਰਾਏ ਨਹੀਂ, ਕਿਉਂਕਿ ਗੁਰੂ ਸਿੱਖ ਦੇ ਅੰਗ-ਸੰਗ ਹੁੰਦਾ ਹੈ। ਉਹਨਾਂ ਬੜੀ ਫੁਰਤੀ ਨਾਲ ਘੋੜੇ ਦੀਆਂ ਰਕਾਬਾਂ ਵਿਚ ਖੜ੍ਹੇ ਹੋ ਕੇ ਇਤਨੇ ਜ਼ੋਰ ਦਾ ਬਰਛਾ ਮਾਰਿਆ ਕਿ ਉਹ ਤਵਿਆਂ ਨੂੰ ਚੀਰਦਾ ਹੋਇਆ ਹਾਥੀ ਦੇ ਮੱਥੇ ਨੂੰ ਵਿੰਨ੍ਹ ਗਿਆ। ਮਸਤਿਆ ਹਾਥੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਪਿੱਛੇ ਨੂੰ ਨੱਸ ਪਿਆ। ਹਾਥੀ ਨੇ ਪਹਾੜੀ ਫ਼ੌਜਾਂ ਨੂੰ ਲਿਤਾੜਨਾ ਸ਼ੁਰੂ ਕਰ ਦਿੱਤਾ। ਜ਼ਾਲਮਾਂ ਦੀ ਇਹ ਚਾਲ ਉਹਨਾਂ ਨੂੰ ਮਹਿੰਗੀ ਪਈ। ਪਹਾੜੀ ਰਾਜੇ ਫ਼ੌਜਾਂ ਸਮੇਤ ਪਿੱਛੇ ਨੂੰ ਨੱਠ ਉਠੇ।

ਇਹ ਅੰਮ੍ਰਿਤ ਦੀ ਸ਼ਕਤੀ ਸੀ, ਜਿਸ ਨੇ ਭਾਈ ਬਚਿੱਤਰ ਸਿੰਘ ਨੂੰ ਇਤਨਾ ਸੂਰਬੀਰ, ਬਹਾਦਰ ਤੇ ਨਿਡਰ ਬਣਾ ਦਿੱਤਾ ਸੀ।

**ਸਿਖਿਆ :** ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਮੌਤ ਸਿੱਖ ਨੂੰ ਡਰਾ ਨਹੀਂ ਸਕਦੀ। ਅੰਮ੍ਰਿਤ ਛਕ ਕੇ ਸਿੰਘਾਂ ਅੰਦਰ ਬੀਰਤਾ ਪੈਦਾ ਹੋ ਜਾਂਦੀ ਹੈ ਤੇ ਸਿੱਖਾਂ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ। ਇਸ ਲਈ ਸਾਨੂੰ ਅੰਮ੍ਰਿਤ ਜ਼ਰੂਰ ਛਕਣਾ ਚਾਹੀਦਾ ਹੈ।

## 26. ਭਾਈ ਡੱਲਾ ਸਿੰਘ ਜੀ

ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪਹੁੰਚੇ। ਇਥੋਂ ਦਾ ਚੌਧਰੀ ਡੱਲਾ 15-20 ਪਿੰਡਾਂ ਦਾ ਜਾਗੀਰਦਾਰ ਸੀ। ਉਸ ਨੇ ਆਪਣੇ ਕੋਲ ਕਈ ਸਿਪਾਹੀ ਰੱਖੇ ਹੋਏ ਸਨ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਪਿਛੋਂ ਜੋ-ਜੋ ਘਟਨਾਵਾਂ ਗੁਰੂ ਸਾਹਿਬ ਨਾਲ ਵਾਪਰੀਆਂ, ਉਹਨਾਂ ਦਾ ਸਾਰਾ ਵਿਸਥਾਰ ਚੌਧਰੀ ਡੱਲੇ ਨੇ ਸੁਣਿਆ। ਉਹ ਗੁਰੂ ਜੀ ਕੋਲ ਅਫ਼ਸੋਸ ਕਰਦਾ ਹੋਇਆ ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੇਰੇ ਕੋਲ ਏਡੇ ਵੱਡੇ ਤਾਕਤਵਰ ਯੋਧੇ ਨੌਜੁਆਨ ਹਨ, ਜੇ ਤੁਸੀਂ ਮੈਨੂੰ ਉਸ ਵੇਲੇ ਯਾਦ ਕਰਦੇ ਤਾਂ ਮੇਰੇ ਯੋਧੇ ਮੁਗ਼ਲਾਂ ਦਾ ਮੂੰਹ ਭੰਨ ਦਿੰਦੇ। ਸਾਰੇ ਨੁਕਸਾਨ ਬਚ ਜਾਣੇ ਸਨ। ਨਾ ਅਨੰਦਪੁਰ ਬਰਬਾਦ ਹੁੰਦਾ, ਤੇ ਨਾ ਹੀ ਸਾਹਿਬਜ਼ਾਦੇ ਸ਼ਹੀਦ ਹੁੰਦੇ। ਆਪ ਨੂੰ ਵੀ ਇਤਨੇ ਕਸ਼ਟ ਨਾ ਸਹਿਣੇ ਪੈਂਦੇ।"

ਗੁਰੂ ਜੀ ਨੇ ਦੇਖਿਆ ਕਿ ਚੌਧਰੀ ਡੱਲੇ ਨੂੰ ਆਪਣੇ ਜੁਆਨਾਂ ਦਾ ਹੰਕਾਰ ਹੋ ਗਿਆ ਹੈ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਅਨੰਦਪੁਰ ਦੇ ਜੰਗ ਵਿਚ ਮੇਰੇ ਸਿੰਘ ਜਾਨਾਂ ਤੋੜ ਕੇ ਲੜੇ ਸਨ। ਕਿਸੇ ਨੇ ਪਿਛੇ ਪੈਰ ਨਹੀਂ ਧਰਿਆ। ਮੈਨੂੰ ਮਾਣ ਹੈ ਐਸੇ ਗੁਰੂ-ਭੌਰਿਆਂ ਤੇ ਜੋ ਜੰਗਾਂ ਵਿਚ ਜੂਝਦੇ ਧਰਮ ਦੀ ਖ਼ਾਤਰ ਸ਼ਹੀਦੀਆਂ ਪਾ ਗਏ।

ਇਹਨੀ ਦਿਨੀਂ ਇਕ ਸਿੰਘ ਨਵੀਂ ਬੰਦੂਕ ਲੈ ਕੇ ਹਾਜ਼ਰ ਹੋਇਆ। ਉਸਨੇ ਸਤਿਗੁਰੂ ਜੀ ਨੂੰ ਬੰਦੂਕ ਦੇ ਕਈ ਗੁਣ ਦੱਸੇ ਤੇ ਕਿਹਾ ਕਿ ਇਹ ਬਹੁਤ ਦੂਰ ਤਕ ਮਾਰ ਕਰਦੀ ਹੈ। ਭਾਈ ਡੱਲੇ ਦਾ ਭਰਮ ਦੂਰ ਕਰਨ ਲਈ ਸਤਿਗੁਰੂ ਜੀ ਨੇ ਆਖਿਆ, "ਡੱਲਿਆ! ਲਿਆ ਕੋਈ ਆਪਣਾ ਜੁਆਨ, ਅਸੀਂ ਨਿਸ਼ਾਨਾ ਪਰਖਣਾ ਹੈ।" ਚੌਧਰੀ ਡੱਲਾ ਤੇ ਉਸ ਦੇ ਜੁਆਨ ਇਹ ਸੁਣ ਕੇ ਬਹੁਤ ਹੈਰਾਨ ਹੋਏ। ਡੱਲੇ ਨੇ ਜੁਆਨਾਂ ਵੱਲ ਤੱਕਿਆ, ਪਰ ਸਭ ਨੇ ਸਿਰ ਫੇਰ ਦਿੱਤਾ। ਭਾਈ ਡੱਲਾ ਕਹਿਣ ਲੱਗਾ, "ਹਜ਼ੂਰ! ਕਿਸੇ ਜਾਨਵਰ ਦਾ ਸ਼ਿਕਾਰ ਕਰ ਕੇ ਇਹ ਬੰਦੂਕ ਪਰਖੀ ਜਾ ਸਕਦੀ ਹੈ, ਐਵੇਂ ਬੰਦਾ ਕਿਉਂ ਮਾਰਦੇ ਹੋ ?"

ਸਤਿਗੁਰੂ ਜੀ ਨੇ ਕਿਹਾ ਕਿ ਇਸ ਬੰਦੂਕ ਦੀ ਪਰਖ ਕਿਸੇ ਸੂਰਮੇ ਉੱਤੇ ਹੀ ਹੋ ਸਕਦੀ ਹੈ। ਜਦੋਂ ਡੱਲੇ ਦਾ ਕੋਈ ਜਵਾਨ ਅੱਗੇ ਨਾ ਆਇਆ ਤਾਂ ਗੁਰੂ ਜੀ ਨੇ ਕਿਹਾ ਕਿ ਮੇਰੇ ਸਿੱਖਾਂ ਨੂੰ ਮੇਰਾ ਇਹ ਹੁਕਮ ਸੁਣਾਉ। ਹੁਕਮ ਸੁਣਾਉਣ ਦੀ ਦੇਰ ਹੀ ਸੀ ਕਿ ਦੋ ਪਿਓ-ਪੁੱਤਰ, ਭਾਈ ਵੀਰ ਸਿੰਘ ਤੇ ਧੀਰ ਸਿੰਘ, ਜੋ ਥੋੜ੍ਹੀ ਦੂਰ ਦਸਤਾਰ ਸਜਾ ਰਹੇ ਸਨ, ਨੱਠੇ ਆਏ। ਦਸਤਾਰਾਂ ਉਹਨਾਂ ਦੇ ਹੱਥਾਂ ਵਿਚ ਹੀ ਫੜੀਆਂ ਹੋਈਆਂ ਸਨ। ਉਸੇ ਹਾਲਤ ਵਿਚ ਹੀ ਉਹ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਏ। ਇਕ ਕਹੇ, "ਜੀ ਮੈਂ ਨੇੜੇ ਸਾਂ, ਪਹਿਲਾਂ ਮੈਂ ਆਪ ਦਾ ਹੁਕਮ ਸੁਣਿਆ ਹੈ।" ਦੂਜਾ ਕਹੇ, "ਜੀ ਮੈਂ ਪਹਿਲਾਂ ਦੌੜਿਆ ਹਾਂ, ਇਸ ਲਈ ਮੈਂ ਅੱਗੇ ਖੜੋਣਾ ਹੈ।" ਗੁਰੂ ਜੀ ਨੇ ਦੋਹਾਂ ਨੂੰ ਅੱਗੇ ਪਿਛੇ ਖੜ੍ਹੇ ਹੋ ਜਾਣ ਲਈ ਹੁਕਮ ਕੀਤਾ। ਜਦੋਂ ਗੁਰੂ ਜੀ ਬੰਦੂਕ ਉੱਚੀ ਕਰਦੇ ਤਾਂ ਸਿੰਘ ਅੱਡੀਆਂ ਚੁੱਕ ਲੈਂਦੇ। ਜੇ ਬੰਦੂਕ ਨੀਵੀਂ ਕਰਦੇ ਤਾਂ ਸਿੰਘ ਗੋਡੇ ਨੀਵੇਂ ਕਰ ਖੜ੍ਹੇ ਹੋ ਜਾਂਦੇ ਤਾਂ ਕਿ ਬੰਦੂਕ ਦਾ

ਨਿਸ਼ਾਨਾ ਖਾਲੀ ਨਾ ਜਾਏ। ਡੱਲਾ ਇਹ ਸਭ ਕੁਝ ਵੇਖ ਹੈਰਾਨ ਹੁੰਦਾ ਰਿਹਾ। ਅੰਤ ਗੁਰੂ ਜੀ ਨੇ ਦੋਹਾਂ ਸਿੰਘਾਂ ਦੇ ਸਿਰ ਉਪਰੋਂ ਦੀ ਗੋਲੀ ਲੰਘਾ ਦਿੱਤੀ। ਦੋਵੇਂ ਸੂਰਮੇ ਅਡੋਲ ਖੜ੍ਹੇ ਰਹੇ। ਗੁਰੂ ਸਾਹਿਬ ਨੇ ਸਿੰਘਾਂ ਨੂੰ ਕਿਹਾ, "ਤੁਸੀਂ ਦੋਵੇਂ ਇਮਤਿਹਾਨ ਵਿਚੋਂ ਪਾਸ ਹੋਏ ਹੋ। ਜਾਓ ਪ੍ਰੇਮੀਓ! ਬੱਸ ਏਨਾ ਹੀ ਕੰਮ ਸੀ।"

ਹੁਣ ਭਾਈ ਡੱਲੇ ਦਾ ਆਪਣੇ ਸੂਰਬੀਰਾਂ ਵਾਲਾ ਹੰਕਾਰ ਟੁੱਟ ਗਿਆ ਸੀ। ਉਹ ਸ਼ਰਮਿੰਦਾ ਹੋਣ ਕਰ ਕੇ ਚੁੱਪ ਸੀ। ਗੁਰੂ ਜੀ ਨੇ ਕਿਹਾ, 'ਡੱਲਿਆ, ਦਲੇਰੀ ਤੇ ਬਹਾਦਰੀ ਦਾ ਸਿਰਫ ਡੌਲਿਆਂ ਦੇ ਬਲ ਨਾਲ ਹੀ ਸੰਬੰਧ ਨਹੀਂ ਹੁੰਦਾ। ਤੇਰੇ ਜਵਾਨ ਸੋਹਣੀ ਡੀਲ ਡੌਲ ਵਾਲੇ ਤੇ ਬਲਵਾਨ ਹਨ, ਚੰਗੇ ਲੜਾਕੇ ਵੀ ਹੋਣਗੇ, ਪਰ ਜੇਕਰ ਅੰਦਰ ਨਿਰਭੈਤਾ ਅਤੇ ਜਿੱਤ ਪ੍ਰਾਪਤ ਕਰਨ ਦਾ ਪੱਕਾ ਇਰਾਦਾ ਹੋਵੇ, ਸਵੈ-ਵਿਸ਼ਵਾਸ ਹੋਵੇ ਤਾਂ ਹੀ ਯੋਧੇ ਕੁਝ ਕਰ ਕੇ ਵਿਖਾਉਂਦੇ ਹਨ। ਐਸਾ ਦ੍ਰਿੜ੍ਹ ਵਿਸ਼ਵਾਸ ਪੈਦਾ ਹੁੰਦਾ ਹੈ, ਗੁਰੂ ਦੇ ਉਪਦੇਸ਼ਾਂ ਤੋਂ। ਗੁਰੂ ਨਾਲ ਸਾਂਝ ਪਾਉਣ ਤੋਂ। ਗੁਰੂ ਨਾਲ ਸਾਂਝ ਪੈਂਦੀ ਹੈ, ਅੰਮ੍ਰਿਤ ਛਕ ਕੇ।"

ਭਾਈ ਡੱਲਾ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਉਸ ਦਾ ਸਾਰਾ ਮਾਣ ਹੰਕਾਰ ਦੂਰ ਹੋ ਗਿਆ। ਉਹ ਬੋਲ ਉਠਿਆ, "ਗੁਰੂ ਜੀ! ਤੁਸੀਂ ਧੰਨ ਹੋ! ਤੇ ਧੰਨ ਹਨ ਤੁਹਾਡੇ ਸਿੰਘ, ਜੋ ਸਹੀ ਅਰਥਾਂ ਵਿਚ ਸੱਚੇ ਸੂਰਬੀਰ ਹਨ। ਮੇਰੇ ਤੇ ਵੀ ਕ੍ਰਿਪਾ ਕਰੋ ਤੇ ਮੈਨੂੰ ਅੰਮ੍ਰਿਤ ਦੀ ਦਾਤ ਦਿਉ ਤਾਂ ਕਿ ਮੇਰੀ ਸਾਂਝ ਵੀ ਆਪ ਨਾਲ ਪੱਕੀ ਹੋਵੇ।"

ਭਾਈ ਡੱਲੇ ਨੇ ਸਾਰੇ ਪਰਿਵਾਰ ਅਤੇ ਜਵਾਨਾਂ ਸਮੇਤ ਅੰਮ੍ਰਿਤ ਛਕਿਆ ਤੇ ਇਸ ਤਰ੍ਹਾਂ ਚੌਧਰੀ ਡੱਲਾ ਭਾਈ ਡੱਲਾ ਸਿੰਘ ਬਣ ਗਿਆ। ਅੰਮ੍ਰਿਤ ਛਕ ਕੇ ਉਸ ਅੰਦਰ ਐਸੀ ਚੜ੍ਹਦੀ ਕਲਾ ਆਈ ਕਿ ਜਦੋਂ ਸਰਹੰਦ ਦੇ ਨਵਾਬ ਵਜ਼ੀਰ ਖਾਂ ਨੇ ਉਸ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਉਸ ਦੇ ਹਵਾਲੇ ਕਰ ਦੇਵੇ ਨਹੀਂ ਤਾਂ ਉਸ ਦੀ ਖੈਰ ਨਹੀਂ, ਤਾਂ ਉਸ ਸਮੇਂ ਭਾਈ ਡੱਲੇ ਨੇ ਉੱਤਰ ਭੇਜਿਆ, ਕਿ ਸੂਬਾ ਸਰਹੰਦ ਸੋਚ ਸਮਝ ਕੇ ਇਧਰ ਮੂੰਹ ਕਰੇ। ਜੇ ਉਸ ਨੇ ਇਧਰ ਮੂੰਹ ਕੀਤਾ ਤਾਂ ਉਸ ਦਾ ਮੂੰਹ ਭੰਨ ਦਿੱਤਾ ਜਾਵੇਗਾ।

ਇਹ ਸਭ ਅੰਮ੍ਰਿਤ ਦੀ ਸ਼ਕਤੀ ਸੀ, ਜਿਸ ਨੇ ਉਸ ਦੇ ਅੰਦਰੋਂ ਸਾਰਾ ਡਰ ਦੂਰ ਕਰ ਕੇ ਇਤਨੀ ਦ੍ਰਿੜਤਾ ਭਰ ਦਿੱਤੀ ਸੀ।

**ਸਿਖਿਆ** : ਅੰਮ੍ਰਿਤ ਛਕ ਕੇ ਗੁਰੂ ਦੇ ਹੁਕਮਾਂ ਅਨੁਸਾਰ ਚੱਲਣ ਨਾਲ ਮਨੁੱਖ ਅੰਦਰ ਚੜ੍ਹਦੀ ਕਲਾ ਆ ਜਾਂਦੀ ਹੈ। ਉਸ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ। ਐਸਾ ਅੰਮ੍ਰਿਤਧਾਰੀ ਸਿੰਘ ਕਿਸੇ ਵੱਡੇ ਤੋਂ ਵੱਡੇ ਬਾਦਸ਼ਾਹ ਦੀ ਵੀ ਪ੍ਰਵਾਹ ਨਹੀਂ

ਕਰਦਾ। ਸਾਡੇ ਵਾਸਤੇ ਅੰਮ੍ਰਿਤ ਛਕਣਾ ਸਭ ਤੋਂ ਜ਼ਰੂਰੀ ਹੈ ਕਿਉਂਕਿ ਅੰਮ੍ਰਿਤ ਛਕੇ ਬਗੈਰ ਅਸੀਂ ਸਿੰਘ ਨਹੀਂ ਬਣ ਸਕਦੇ।

## 27. ਸ਼ਨੀ ਦੇਵਤੇ ਦਾ ਖੰਡਨ

ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦਾ ਇਮਤਿਹਾਨ ਲੈਣ ਲਈ ਇਕ ਕੌਤਕ ਰਚਿਆ। ਉਹਨਾਂ ਨੇ ਇਕ ਬ੍ਰਾਹਮਣ ਨੂੰ ਸੱਦ ਭੇਜਿਆ ਕਿ ਉਹ ਆ ਕੇ ਸ਼ਨੀ ਦੇਵਤੇ ਦਾ ਦਾਨ ਲੈ ਜਾਵੇ। ਗੁਰੂ ਜੀ ਵੇਖਣਾ ਚਾਹੁੰਦੇ ਸਨ ਕਿ ਸਿੱਖ ਗੁਰਮਤਿ ਅਸੂਲਾਂ ਵਿਚ ਕਿੰਨੇ ਕੁ ਪੱਕੇ ਹੋਏ ਹਨ, ਉਹਨਾਂ ਨੇ ਗੁਰਬਾਣੀ ਨੂੰ ਕਿੰਨਾ ਕੁ ਸਮਝਿਆ ਹੈ ?

ਬ੍ਰਾਹਮਣ ਨੇ ਸੋਚਿਆ ਕਿ ਗੁਰੂ ਦਰਬਾਰ ਵਿਚ ਜਾਣਾ ਹੈ। ਗੁਰੂ ਘਰ ਦੀ ਬੜੀ ਮਾਨਤਾ ਹੈ, ਇਸ ਲਈ ਦਾਨ ਚੰਗਾ ਚੋਖਾ ਮਿਲੇਗਾ। ਉਹ ਕੁਝ ਖੋਤੇ ਲੈ ਕੇ ਸ਼ਨੀਵਾਰ ਸਵੇਰੇ ਜਾ ਹਾਜ਼ਰ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰ ਲੱਗਾ ਹੋਇਆ ਸੀ। ਗੁਰਸਿੱਖ ਦੂਰੋਂ-ਦੂਰੋਂ ਦਰਸ਼ਨਾਂ ਲਈ ਆਏ ਹੋਏ ਸਨ। ਗੁਰੂ ਜੀ ਨੇ ਦੀਵਾਨ ਨੰਦ ਚੰਦ ਜੀ ਨੂੰ ਕਿਹਾ ਕਿ ਪੰਡਤ ਜੀ ਨੂੰ ਸ਼ਨੀ ਦੇਵਤੇ ਦਾ ਦਾਨ ਦੇਣਾ ਹੈ। ਕਿਉਂਕਿ ਹਰ ਦੇਵਤੇ ਦਾ ਦਾਨ ਹਿੰਦੂ ਧਰਮ ਮੁਤਾਬਕ ਵੱਖੋ-ਵੱਖ ਹੈ—ਕੋਈ ਦੇਵਤਾ ਚੂਰਮੇ ਤੇ ਰੀਝਦਾ ਹੈ, ਕੋਈ ਦੇਵਤਾ ਸ਼ਰਾਬ ਤੇ ਮਾਸ ਉੱਤੇ ਰੀਝਦਾ ਹੈ, ਕੋਈ ਦੇਵੀ ਫੁਲੀਆਂ ਪਤਾਸੇ ਮੰਗਦੀ ਹੈ ਅਤੇ ਕੋਈ ਖੀਰ ਉੱਤੇ ਰੀਝਦੀ ਹੈ। ਪਰ ਸ਼ਨੀ ਦੇਵਤੇ ਨੂੰ ਰੀਝਾਉਣ ਲਈ ਮਾਂਹ ਦੀ ਦਾਲ, ਸਰ੍ਹੋਂ ਦਾ ਤੇਲ ਅਤੇ ਲੋਹਾ ਦੇਣਾ ਹੁੰਦਾ ਹੈ। ਦਸ਼ਮੇਸ਼ ਜੀ ਦੇ ਹੁਕਮ ਅਨੁਸਾਰ ਸਾਰੀਆਂ ਚੀਜ਼ਾਂ ਪੰਡਤ ਨੂੰ ਦੇ ਦਿੱਤੀਆਂ ਗਈਆਂ। ਪੰਡਤ ਖੋਤਿਆਂ ਉੱਤੇ ਵਸਤਾਂ ਲੱਦ ਕੇ ਤੁਰ ਪਿਆ।

ਸੰਗਤ ਵਿਚੋਂ ਕੁਝ ਸਿੰਘ ਜੋ ਗੁਰਮਤਿ ਨੂੰ ਸਮਝ ਕੇ ਦ੍ਰਿੜ ਕਰ ਚੁਕੇ ਸਨ, ਉਠ ਕੇ ਬ੍ਰਾਹਮਣ ਮਗਰ ਦੌੜ ਪਏ। ਉਸ ਨੂੰ ਖੇਤਾਂ ਵਿਚ ਜਾ ਘੇਰਿਆ। ਬ੍ਰਾਹਮਣ ਨੂੰ ਪੁੱਛਿਆ ਕਿ ਉਹ ਸਾਰਾ ਸਮਾਨ ਕਿਥੇ ਲੈ ਕੇ ਜਾ ਰਿਹਾ ਹੈ ? ਪੰਡਤ ਜੀ ਨੇ ਉੱਤਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਨੀ ਦੇਵਤੇ ਦਾ ਦਾਨ ਕੀਤਾ ਹੈ। ਇਸ ਦਾਨ ਨੂੰ ਕੇਵਲ ਬ੍ਰਾਹਮਣ ਹੀ ਹਜ਼ਮ ਕਰ ਸਕਦਾ ਹੈ। ਇਸ ਨਾਲ ਗੁਰੂ ਘਰ ਦੇ ਸਾਰੇ ਕਲੇਸ਼ ਕੱਟੇ ਜਾਣਗੇ।

ਗੁਰਸਿੱਖਾਂ ਨੇ ਸਾਰੀਆਂ ਚੀਜ਼ਾਂ ਉਥੇ ਹੀ ਧਰਾ ਲਈਆਂ। ਪੰਡਤ ਜੀ ਨੂੰ

ਕਹਿਣ ਲੱਗੇ, "ਇਹ ਚੀਜ਼ਾਂ ਹਜ਼ਮ ਕਰਨੀਆਂ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਤੁਸੀਂ ਕ੍ਰਿਪਾ ਕਰੋ ਤੇ ਭੱਜ ਜਾਉ। ਫਿਰ ਇਧਰ ਨੂੰ ਮੂੰਹ ਨਾ ਕਰਨਾ। ਇਹ ਢਕੌਂਸਲੇ (ਪਖੰਡ) ਸਾਨੂੰ ਸਮਝ 'ਚ ਆ ਚੁਕੇ ਹਨ।"

ਬ੍ਰਾਹਮਣ ਦੌੜ ਗਿਆ। ਗੁਰਸਿੱਖਾਂ ਨੇ ਸਾਰੇ ਪਦਾਰਥ ਲੰਗਰ ਵਿਚ ਲੈ ਆਂਦੇ। ਮਾਂਹ ਦੀ ਦਾਲ ਪੀਹ ਕੇ, ਸਰ੍ਹੋਂ ਦੇ ਤੇਲ ਵਿਚ ਤਲ ਕੇ ਵੜੇ ਬਣਾ ਲਏ ਤੇ ਸਭ ਸਿੱਖਾਂ ਨੂੰ ਛਕਾ ਦਿੱਤੇ। ਜੋ ਲੋਹਾ ਸੀ ਉਸ ਦੇ ਕੜੇ ਬਣਾ ਕੇ ਹੱਥਾਂ ਵਿਚ ਪਾ ਲਏ। ਕਿਉਂਕਿ ਸ਼ਸਤਰ ਤਾਂ ਪਹਿਲਾਂ ਹੀ ਅਨੰਦਪੁਰ ਸਾਹਿਬ ਵਿਚ ਤਿਆਰ ਹੁੰਦੇ ਸਨ, ਇਸ ਲਈ ਕੜੇ ਬਣਾਉਣਾ ਸਿੱਖਾਂ ਵਾਸਤੇ ਕੋਈ ਮੁਸ਼ਕਲ ਕੰਮ ਨਹੀਂ ਸੀ, ਨਵੀਂ ਕਾਢ ਜ਼ਰੂਰ ਸੀ।

ਜਦੋਂ ਗੁਰੂ ਜੀ ਨੇ ਸਿੱਖਾਂ ਅੰਦਰ ਐਸੀ ਦ੍ਰਿੜਤਾ ਵੇਖੀ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹਨਾਂ ਨੇ ਕਿਹਾ, "ਤੁਸੀਂ ਸਿੱਖੀ ਅਸੂਲਾਂ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ। ਸਿੱਖ ਦਾ ਕਿਸੇ ਦੇਵੀ ਦੇਵਤੇ ਨਾਲ ਦੂਰ ਦਾ ਵੀ ਸੰਬੰਧ ਨਹੀਂ। ਦੇਵੀ-ਦੇਵਤੇ ਸਭ ਮਨੋ-ਕਲਪਤ ਹਨ। ਤੁਸੀਂ ਸਾਰੇ ਇਮਤਿਹਾਨ ਵਿਚੋਂ ਪਾਸ ਹੋਏ ਹੋ।"

ਗੁਰੂ ਜੀ ਨੇ ਜਦੋਂ ਸੰਨ 1699 'ਚ ਅੰਮ੍ਰਿਤ ਪ੍ਰਚਾਰ ਕੀਤਾ ਤਾਂ ਕੜਾ, ਪੰਜ ਕਕਾਰਾਂ 'ਚ ਸ਼ਾਮਲ ਕਰ ਦਿੱਤਾ। ਇਹ ਕੜਾ ਮਾਨੋ ਗੁਰੂ ਜੀ ਵੱਲੋਂ ਸਿੱਖਾਂ ਦੀ ਸੋਝੀ ਅਤੇ ਸਮਝਦਾਰੀ ਦਾ ਸਬੂਤ ਸੀ ਕਿ ਸਿੱਖ ਕਿਸੇ ਦੇਵੀ ਦੇਵਤੇ ਤੇ ਭਰਮ ਵਹਿਮ ਨੂੰ ਨਹੀਂ ਮੰਨਦਾ।

**ਸਿਖਿਆ** : ਅਸੀਂ ਇਕ ਅਕਾਲ ਪੁਰਖ ਦੀ ਹੀ ਪੂਜਾ ਕਰਨੀ ਹੈ। ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਣਾ। ਸ਼ਨੀ ਦੇਵਤੇ ਦਾ ਦਾਨ ਵੀ ਨਹੀਂ ਦੇਣਾ, ਨਾ ਹੀ ਸ਼ਨੀਵਾਰ ਵਾਲੇ ਦਿਨ ਉਚੇਚੇ ਤੌਰ ਤੇ ਗੁਰਦੁਆਰੇ ਪ੍ਰਸ਼ਾਦ ਹੀ ਲਿਜਾਣਾ ਹੈ। ਸਾਰੇ ਦਿਨ ਇਕੋ ਜਿਹੇ ਮੰਨਣੇ ਹਨ। ਕੋਈ ਦਿਨ ਮਾੜਾ ਨਹੀਂ। ਸਾਰੇ ਦਿਨ ਚੰਗੇ ਹਨ।

## 28. ਖੋਤੇ ਉਤੇ ਸ਼ੇਰ ਦੀ ਖੱਲ

ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦਰਬਾਰ ਲੱਗਾ ਹੋਇਆ ਸੀ। ਗੁਰੂ ਸਾਹਿਬ ਆਪਣੇ ਸਿੰਘਾਸਣ ਤੇ ਬਿਰਾਜਮਾਨ ਸਨ। ਰਾਗੀ ਸਿੰਘਾਂ ਨੇ ਮਿੱਠੀ ਤੇ ਸੁਰੀਲੀ ਅਵਾਜ਼ ਵਿਚ ਗੁਰਬਾਣੀ ਦਾ ਸੁੰਦਰ ਗਾਇਨ ਕੀਤਾ। ਉਪਰੰਤ ਗੁਰਮਤਿ ਦੇ ਵਿਦਵਾਨਾਂ ਨੇ ਸਿੱਖ ਧਰਮ ਦੇ ਉੱਤਮ ਉਪਦੇਸ਼ਾਂ ਦੀ ਵਿਆਖਿਆ ਕੀਤੀ। ਇੰਨੇ ਵਿਚ ਦਸ ਪੰਦਰਾਂ ਸਿੰਘਾਂ ਦੀ ਇਕ ਟੋਲੀ ਬਾਹਰ ਵਾਲੇ ਪਾਸਿਉਂ ਦੀਵਾਨ ਵਿਚ

ਦਾਖਲ ਹੋਈ। ਇਸ ਟੋਲੀ ਦੇ ਪਿਛੇ ਕਈ ਬੱਚੇ, ਜੁਆਨ ਅਤੇ ਬਿਰਧ ਉੱਚੀ ਉੱਚੀ ਹਸਦੇ ਆ ਰਹੇ ਸਨ। ਇਹਨਾਂ ਸਿੰਘਾਂ ਦੇ ਪਾਸ ਇਕ ਖੋਤਾ ਸੀ, ਜੋ ਦੀਵਾਨ ਵਿਚ ਦਾਖਲ ਹੋਣ ਸਮੇਂ ਬਾਹਰ ਬੰਨ੍ਹ ਦਿੱਤਾ ਗਿਆ ਸੀ। ਮੁਹਰਲੇ ਇਕ ਸਿੰਘ ਨੇ ਸ਼ੇਰ ਦੀ ਇਕ ਸੁੰਦਰ ਖੱਲ ਮੋਢੇ ਉਤੇ ਧਰੀ ਹੋਈ ਸੀ।

ਜਦੋਂ ਸਭ ਸਿੰਘ ਮੱਥਾ ਟੇਕ ਚੁਕੇ ਤਾਂ ਗੁਰੂ ਪਾਤਸ਼ਾਹ ਨੇ ਮੁਹਰਲੇ ਸਿੰਘ ਨੂੰ ਸਾਰੀ ਵਿਥਿਆ ਦੱਸਣ ਲਈ ਹੁਕਮ ਦਿੱਤਾ। ਉਸ ਸਿੰਘ ਨੇ ਦੱਸਣਾ ਸ਼ੁਰੂ ਕੀਤਾ ਕਿ ਪਿਛਲੇ ਤਿੰਨ ਦਿਨਾਂ ਤੋਂ ਸ਼ਹਿਰ ਦੇ ਪੱਛਮ ਵੱਲ ਕਈ ਵਿਅਕਤੀਆਂ ਨੇ ਇਕ ਸ਼ੇਰ ਦੇ ਆਉਣ ਦੀ ਖ਼ਬਰ ਦਿੱਤੀ ਸੀ। ਉਸ ਪਾਸੇ ਲੋਕ ਡਰਦੇ ਜਾਂਦੇ ਨਹੀਂ ਸਨ। ਸ਼ੇਰ ਦੀ ਚਰਚਾ ਸਾਰੇ ਨਗਰ ਵਿਚ ਛਿੜੀ ਪਈ ਸੀ। ਅੱਜ ਸਵੇਰੇ ਨਗਰ ਦਾ ਘੁਮਿਆਰ ਆਪਣੇ ਕੁਝ ਖੋਤੇ ਲੈ ਕੇ ਨਗਰ ਦੇ ਬਾਹਰ ਜਾ ਰਿਹਾ ਸੀ। ਖੋਤਿਆਂ ਨੂੰ ਵੇਖ ਕੇ ਉਹ ਸ਼ੇਰ ਹੀਂਗਣ ਲੱਗ ਪਿਆ। ਘੁਮਿਆਰ ਨੂੰ ਸ਼ੇਰ ਦੀ ਅਸਲੀਅਤ ਦਾ ਪਤਾ ਲੱਗ ਗਿਆ ਕਿ ਉਹ ਸ਼ੇਰ ਨਹੀਂ ਸੀ, ਸਗੋਂ ਖੋਤਾ ਸੀ, ਜਿਸ ਤੇ ਕਿਸੇ ਨੇ ਬੜੀ ਸਾਵਧਾਨੀ ਨਾਲ ਸ਼ੇਰ ਦੀ ਖੱਲ ਪਾ ਦਿੱਤੀ ਸੀ ਤਾਂ ਕਿ ਵੇਖਣ ਵਾਲੇ ਨੂੰ ਖੋਤਾ 'ਸ਼ੇਰ' ਨਜ਼ਰ ਆਵੇ। ਘੁਮਿਆਰ ਨੇ ਖੋਤੇ ਉਪਰੋਂ ਸ਼ੇਰ ਵਾਲੀ ਖੱਲ ਉਤਾਰ ਲਈ, ਜੋ ਅਸੀਂ ਉਸ ਤੋਂ ਲੈ ਕੇ ਆਪ ਪਾਸ ਆ ਹਾਜ਼ਰ ਹੋਏ ਹਾਂ। ਖੋਤਾ ਵੀ ਬਾਹਰ ਬੰਨ੍ਹਿਆ ਹੋਇਆ ਹੈ ਜਿਸ ਤੋਂ ਖੱਲ ਲਾਹ ਕੇ ਲਿਆਂਦੀ ਹੈ।" ਸਿੰਘ ਨੇ ਸਾਰੀ ਕਹਾਣੀ ਸੁਣਾ ਦਿੱਤੀ।

ਸਾਰੀ ਸੰਗਤ ਵਿਚ ਇਹ ਵਿਥਿਆ ਸੁਣ ਕੇ ਹਾਸਾ ਮੱਚ ਗਿਆ। ਗੁਰੂ ਕਲਗੀਧਰ ਪਾਤਸ਼ਾਹ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, "ਸਿੰਘੋ! ਤੁਸੀਂ ਇਸ ਨਕਲੀ ਸ਼ੇਰ ਦੀ ਅਸਲੀਅਤ ਪਰਗਟ ਹੋਣ ਤੇ ਬਹੁਤ ਹੱਸ ਰਹੇ ਹੋ। ਪਰ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਹਾਡੇ ਵਿਚੋਂ ਕੌਣ ਕੌਣ ਇਸ ਨਕਲੀ ਸ਼ੇਰ ਦਾ ਭਾਈ ਹੈ।"

ਗੁਰੂ ਸਾਹਿਬ ਕਹਿਣ ਲੱਗੇ, "ਸਿੰਘੋ! ਸਾਡੇ ਵਿਚ ਅਨੇਕਾਂ ਕੱਚੇ ਪਿਲੇ ਵੀ ਹਨ, ਜਿਹਨਾਂ ਨੇ ਦੇਖਾ ਦੇਖੀ ਸਿੰਘਾਂ ਵਾਲਾ ਸਰੂਪ ਤਾਂ ਬਣਾ ਲਿਆ ਹੈ ਪਰ ਅੰਦਰ ਰਹਿਣੀ-ਰਹਿਤ ਸਿੰਘਾਂ ਵਾਲੀ ਨਹੀਂ। ਕੇਵਲ ਬਾਹਰਲਾ ਰੂਪ ਸਿੰਘਾਂ ਵਾਲਾ ਬਣਾ ਲੈਣ ਨਾਲ ਧਰਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਥੇ ਅਸੀਂ ਆਪਣਾ ਬਾਹਰਲਾ ਸਰੂਪ ਸਿੰਘਾਂ ਵਾਲਾ ਬਣਾਉਣਾ ਹੈ, ਉਥੇ ਆਪਣੇ ਅੰਦਰ ਸਿੰਘਾਂ ਵਾਲੇ ਗੁਣ ਵੀ ਧਾਰਨ ਕਰਨੇ ਹਨ। ਜੇਕਰ ਅੰਦਰ ਸਿੱਖੀ ਦੇ ਗੁਣ ਨਾ ਹੋਣ ਤਾਂ ਬਾਹਰਲਾ ਰੂਪ ਵਿਖਾਵਾ ਬਣ ਜਾਂਦਾ ਹੈ। ਸਾਡੇ ਅੰਦਰ ਸਿੰਘਾਂ ਵਾਲੀ ਦਲੇਰੀ, ਸੂਰਬੀਰਤਾ, ਪਰਉਪਕਾਰ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੈ। ਸਾਡਾ ਆਚਰਣ ਸੱਚਾ ਸੁੱਚਾ ਹੋਣਾ

ਚਾਹੀਦਾ ਹੈ। ਜੇ ਸਾਡੇ ਅੰਦਰ ਸਿੱਖੀ ਦੇ ਸ਼ੁਭ ਗੁਣ ਨਹੀਂ ਹੋਣਗੇ, ਤਾਂ ਸਾਡੀ ਹਾਲਤ ਉਸ ਖੋਤੇ ਵਾਲੀ ਹੋਵੇਗੀ, ਜਿਸ ਨੇ ਸ਼ੇਰ ਵਾਲੀ ਖੱਲ ਪਾਈ ਹੋਵੇ।"

ਫਿਰ ਗੁਰੂ ਜੀ ਨੇ ਸਾਰੀ ਸੰਗਤ ਨੂੰ ਇਹ ਵੀ ਦੱਸ ਦਿੱਤਾ ਕਿ ਉਹਨਾਂ ਨੇ ਆਪ ਹੀ ਖੋਤੇ ਉਤੇ ਸ਼ੇਰ ਦੀ ਖੱਲ ਮੜ੍ਹਾ ਕੇ ਨਗਰ ਵਿਚ ਛੱਡ ਦਿੱਤਾ ਸੀ।

**ਸਿਖਿਆ** : ਇਸ ਸਾਖੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਅਸੀਂ ਨਕਲੀ ਸਿੱਖ ਨਹੀਂ ਬਣਨਾ, ਸੱਚੇ ਸਿੱਖ ਬਣਨਾ ਹੈ। ਜਿਥੇ ਸਾਡਾ ਬਾਹਰਲਾ ਸਰੂਪ ਸਿੱਖਾਂ ਵਾਲਾ ਹੈ, ਉਥੇ ਅਸੀਂ ਆਪਣੇ ਅੰਦਰ ਸਿੱਖੀ ਵਾਲੇ ਗੁਣ ਵੀ ਧਾਰਨ ਕਰਨੇ ਹਨ। ਅਸੀਂ ਆਪਣੇ ਅੰਦਰ ਪਰਉਪਕਾਰ, ਮਿਠਾਸ, ਨੇਕੀ, ਸੁੱਚਾ ਆਚਰਣ, ਸੱਚ ਬੋਲਣਾ, ਸੂਰਬੀਰਤਾ ਆਦਿ ਗੁਣ ਧਾਰਨ ਕਰਨੇ ਹਨ। ਪੰਜ ਕਕਾਰਾਂ ਦੀ ਰਹਿਤ ਵੀ ਰੱਖਣੀ ਹੈ ਤੇ ਗੁਰਬਾਣੀ ਅਨੁਸਾਰ ਜੀਵਨ ਵੀ ਬਣਾਉਣਾ ਹੈ। ਅਸੀਂ ਹੋਰਨਾਂ ਧਰਮਾਂ ਦੇ ਵਿਸ਼ਵਾਸਾਂ, ਰਸਮਾਂ, ਰੀਤਾਂ, ਰਿਵਾਜ਼ਾਂ ਵਿਚ ਨਹੀਂ ਫਸਣਾ।

## 29. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਜਿਹੜੀ ਬਾਣੀ ਉਚਾਰਦੇ ਸਨ, ਉਹ ਇੱਕ ਪੋਥੀ ਵਿਚ ਲਿਖ ਲੈਂਦੇ ਸਨ। ਇਸੇ ਪੋਥੀ ਵਿਚ ਉਨ੍ਹਾਂ ਨੇ ਉਹ ਬਾਣੀ ਵੀ ਦਰਜ ਕਰ ਲਈ ਸੀ, ਜਿਹੜੀ ਧਰਮ ਪ੍ਰਚਾਰ ਲਈ ਲਾਈਆਂ ਉਦਾਸੀਆਂ ਸਮੇਂ ਵੱਖ ਵੱਖ ਭਗਤਾਂ ਦੇ ਸ਼ਰਧਾਲੂਆਂ ਅਤੇ ਬਾਬਾ ਸ਼ੇਖ ਫ਼ਰੀਦ ਜੀ ਦੀ ਗੱਦੀ 'ਤੇ ਗਿਆਰਵੀਂ ਥਾਂ ਬੈਠੇ ਸ਼ੇਖ ਬ੍ਰਹਮ ਤੋਂ ਪ੍ਰਾਪਤ ਕੀਤੀ ਸੀ। ਇਹ ਪੋਥੀ ਗੁਰੂ ਜੀ ਹਮੇਸ਼ਾ ਆਪਣੇ ਕੋਲ ਰਖਦੇ ਸਨ। ਜਦੋਂ ਆਪ ਮੱਕੇ ਗਏ ਸਨ ਤਾਂ ਹਾਜੀਆਂ ਨੇ ਇਸੇ ਪੋਥੀ ਵੱਲ ਇਸ਼ਾਰਾ ਕਰ ਕੇ ਕਿਹਾ ਸੀ ਕਿ ਇਹ ਦੱਸੋ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ। ਸਤਿਗੁਰਾਂ ਜੁਆਬ ਦਿਤਾ ਸੀ ਕਿ ਨੇਕ ਅਮਲਾਂ (ਕਰਮਾਂ) ਤੋਂ ਬਿਨਾਂ ਦੋਹਾਂ ਨੂੰ ਹੀ ਪ੍ਰਭੂ ਦੀ ਦਰਗਾਹ ਵਿਚ ਪਛਤਾਉਣਾ ਪਵੇਗਾ। ਇਸ ਵਾਰਤਾਲਾਪ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਇੰਝ ਕੀਤਾ ਹੈ :

**ਬਾਬਾ ਫਿਰ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥**
**ਆਸਾ ਹਥਿ, ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ॥**

*(ਵਾਰ ੧, ਪਉੜੀ ੩੨)*

ਅਤੇ—

**ਪੁਛਨਿ ਗਲ ਈਮਾਨ ਦੀ, ਕਾਜੀ ਮੁਲਾਂ ਇਕਠੇ ਹੋਈ॥**
**ਵਡਾ ਸਾਂਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ॥**

**ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਣੋਈ॥**
**ਬਾਬਾ ਆਖੇ ਹਾਜੀਆਂ, ਸੁਭਿ ਅਮਲਾ ਬਾਝਹੁ ਦੋਨੋ ਰੋਈ॥**

*(ਵਾਰ ੧, ਪਉੜੀ ੩੩)*

ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੂੰ ਗੁਰਿਆਈ ਬਖਸ਼ੀ ਤਾਂ ਬਾਣੀ ਦੀ ਪੋਥੀ ਵੀ ਉਨ੍ਹਾਂ ਨੂੰ ਦੇ ਦਿੱਤੀ। ਇਸ ਤੱਥ ਦਾ ਉਲੇਖ 'ਪੁਰਾਤਨ ਜਨਮ ਸਾਖੀ' ਵਿਚ ਇੰਝ ਕੀਤਾ ਗਿਆ ਹੈ :

**ਤਿਤ ਮਹਲ ਜੋ ਸਬਦ ਹੋਆ,**
**ਸੋ ਪੋਥੀ ਗੁਰੂ ਅੰਗਦ ਜੋਗ ਮਿਲੀ॥**

ਗੁਰੂ ਅੰਗਦ ਦੇਵ ਜੀ ਨੇ ਆਪਣੇ ਉਚਾਰੇ ੬੩ ਸਲੋਕ ਵੀ ਇਸ ਪੋਥੀ ਵਿਚ ਦਰਜ ਕਰ ਲਏ ਅਤੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਬਖਸ਼ਣ ਸਮੇਂ ਇਹ ਪੋਥੀ ਉਨ੍ਹਾਂ ਨੂੰ ਦੇ ਦਿਤੀ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਸਮੇਤ ਇਹ ਪੋਥੀ ਗੁਰਿਆਈ ਦੀ ਬਖਸ਼ਿਸ਼ ਕਰਨ ਸਮੇਂ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੀ। ਉਨ੍ਹਾਂ ਨੇ ਆਪਣੀ ਬਾਣੀ ਅਤੇ ਪਹਿਲੇ ਸਤਿਗੁਰਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ਣ ਸਮੇਂ ਦੇ ਦਿਤੀ। ਇਸ ਤਰ੍ਹਾਂ ਸਾਰੀ ਬਾਣੀ ਸੁਰੱਖਿਅਤ ਰੂਪ ਵਿਚ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ। ਆਪ ਜੀ ਨੇ ਵੀ ਬਾਣੀ ਉਚਾਰੀ ਅਤੇ ਆਪ ਜੀ ਪਾਸ ਬਾਬਾ ਸੁੰਦਰ ਜੀ ਦੀ 'ਸਦੁ', ਭੱਟਾਂ ਦੇ ਸਵੱਈਏ ਅਤੇ ਭਾਈ ਬਲ਼ਵੰਡ ਤੇ ਸੱਤੇ ਦੀ ਵਾਰ ਆਦਿਕ ਬਾਣੀਆਂ ਵੀ ਸਨ। ਇੰਝ ਗੁਰੂ ਅਰਜਨ ਸਾਹਿਬ ਜੀ ਪਾਸ, ਬਾਣੀ ਦਾ ਜਿਹੜਾ ਭੰਡਾਰ ਇਕੱਤਰ ਹੋ ਗਿਆ, ਉਸ ਵਿਚ ਹੇਠ ਲਿਖੇ ਬਾਣੀਕਾਰਾਂ ਦੀ ਬਾਣੀ ਸੀ :

(ੳ) 5 **ਗੁਰੂ ਸਾਹਿਬ** : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ।

(ਅ) 15 **ਭਗਤ** : ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਤ੍ਰਿਲੋਚਨ ਜੀ, ਫ਼ਰੀਦ ਜੀ, ਬੇਣੀ ਜੀ, ਧੰਨਾ ਜੀ, ਜੈ ਦੇਵ ਜੀ, ਭੀਖਨ ਜੀ, ਪਰਮਾਨੰਦ ਜੀ, ਸੈਣ ਜੀ, ਪੀਪਾ ਜੀ, ਸਧਨਾ ਜੀ, ਰਾਮਾਨੰਦ ਜੀ ਅਤੇ ਸੂਰਦਾਸ ਜੀ।

(ੲ) **੧੧ ਭੱਟ ਸਾਹਿਬਾਨ** : ਕਲਸਹਾਰ, ਜਾਲਪ, ਕੀਰਤ, ਭਿੱਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰਦ, ਮਥੁਰਾ ਅਤੇ ਹਰਿਬੰਸ ਜੀ।

(ਸ) **ਤਿੰਨ ਗੁਰਸਿੱਖ** : ਭਾਈ ਸੱਤਾ, ਭਾਈ ਬਲਵੰਡ ਅਤੇ ਭਾਈ ਸੁੰਦਰ ਜੀ।

ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਨਵੇਂ ਸਿਰਿਉਂ ਰਾਗਾਂ ਅਨੁਸਾਰ ਤਰਤੀਬ ਦੇਣ ਦਾ ਫ਼ੈਸਲਾ ਕੀਤਾ। ਗੁਰਬਾਣੀ ਦੇ ਸ਼ਬਦ-ਜੋੜ (ਸਪੈਲਿੰਗ) ਇਕਸਾਰ ਕਰਨੇ ਸਨ ਤੇ ਗੁਰਬਾਣੀ ਨੂੰ ਵਿਸ਼ੇਸ਼ ਨਿਯਮਾਂ ਅਨੁਸਾਰ ਲਿਖਣਾ ਸੀ। ਕਾਵਿ ਦੇ ਦ੍ਰਿਸ਼ਟੀਕੋਣ ਤੋਂ ਬਾਣੀ ਕਈ ਕਿਸਮਾਂ ਦੇ ਕਾਵਿ-ਛੰਦਾਂ — ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਸਲੋਕ ਆਦਿ ਵਿੱਚ ਲਿਖੀ ਹੋਈ ਸੀ। ਇਨ੍ਹਾਂ ਨੂੰ ਵੀ ਇੱਕ ਖਾਸ ਤਰਤੀਬ ਵਿੱਚ ਲਿਖਿਆ ਜਾਣਾ ਸੀ। ਇਹ ਕੰਮ ਬਹੁਤ ਮਿਹਨਤ ਮੰਗਦਾ ਸੀ ਤੇ ਭਾਸ਼ਾ ਅਤੇ ਕਾਵਿ ਸ਼ਾਸਤਰ ਨੂੰ ਸਮਝਣ ਵਾਲੇ ਵਿਦਵਾਨ ਦੇ ਵੱਸ ਦਾ ਸੀ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਯੋਗ ਜਾਣਿਆ ਅਤੇ ਆਪ ਨੇ ਭਾਈ ਸਾਹਿਬ ਨੂੰ ਸਾਰੀ ਵਿਉਂਤ ਸਮਝਾ ਕੇ ਬਾਣੀ ਨਵੇਂ ਸਿਰਿਉਂ ਸੰਪਾਦਨ ਕਰ ਕੇ ਲਿਖਣ ਦੀ ਸੇਵਾ ਬਖਸ਼ ਦਿਤੀ।

ਸਾਰੀ ਬਾਣੀ ਨੂੰ ਮੌਜੂਦਾ ਨਵਾਂ ਰੂਪ ਦੇਣ ਵੇਲੇ ਰਾਗਾਂ ਅਨੁਸਾਰ ਕਰਨ ਤੋਂ ਇਲਾਵਾ ਇੱਕ ਹੋਰ ਤਬਦੀਲੀ ਵੀ ਕੀਤੀ ਗਈ। ਪਹਿਲਾਂ ਹਰੇਕ ਗੁਰੂ ਸਾਹਿਬ ਦੇ ਸਾਰੇ 'ਸਲੋਕਾਂ' ਦਾ ਸੰਗ੍ਰਹਿ ਇਕੋ ਥਾਂ ਸੀ ਅਤੇ 'ਵਾਰਾਂ' ਵਿਚ ਕੇਵਲ ਪਉੜੀਆਂ ਸਨ। ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਕਰ ਦਿਤੇ। ਜਿਹੜੇ ਸਲੋਕ ਬਚ ਗਏ, ਉਹ ਗੁਰਬਾਣੀ ਦੇ ਇਸ ਨਵੇਂ ਗ੍ਰੰਥ ਦੇ ਅਖੀਰ ਵਿੱਚ 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਥੱਲੇ ਲਿਖ ਦਿਤੇ ਗਏ। ਇਹ ਸਲੋਕ ਹਰੇਕ ਗੁਰੂ ਸਾਹਿਬ ਦੇ ਤਰਤੀਬਵਾਰ ਵੱਖਰੇ ਵੱਖਰੇ ਕਰਕੇ ਲਿਖੇ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ **22 ਵਾਰਾਂ** ਹਨ ਜਿਨ੍ਹਾਂ ਵਿਚ 21 ਵਾਰਾਂ ਗੁਰੂ ਸਾਹਿਬਾਨ ਦੀਆਂ ਤੇ ਇਕ ਵਾਰ 'ਸੱਤੇ ਬਲਵੰਡ' ਦੀ ਹੈ।

ਉਦੋਂ ਸਾਰੀ ਬਾਣੀ 30 ਰਾਗਾਂ ਵਿਚ ਦਰਜ ਕੀਤੀ ਗਈ ਸੀ। ਮਗਰੋਂ ਗੁਰੂ ਤੇਗ ਬਹਾਦਰ ਜੀ ਨੇ ਇਕ ਹੋਰ ਰਾਗ "ਜੈਜਾਵੰਤੀ" ਵਿਚ ਵੀ ਬਾਣੀ ਉਚਾਰਨ ਕੀਤੀ, ਜੋ ਉਨ੍ਹਾਂ ਦੀ ਬਾਕੀ ਬਾਣੀ ਦੇ ਨਾਲ, ਦਸਵੇਂ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰਵਾ ਦਿਤੀ। ਇਸ ਤਰ੍ਹਾਂ ਮੌਜੂਦਾ ਗੁਰੂ ਗ੍ਰੰਥ ਸਾਹਿਬ ਵਿਚ **31 ਰਾਗਾਂ** ਵਿਚ ਬਾਣੀ ਦਰਜ ਹੈ; ਜੋ ਇਸ ਪ੍ਰਕਾਰ ਹਨ :

1. ਸਿਰੀ ਰਾਗੁ, 2. ਮਾਝ, 3. ਗਉੜੀ, 4. ਆਸਾ, 5. ਗੂਜਰੀ, 6. ਦੇਵਗੰਧਾਰੀ, 7. ਬਿਹਾਗੜਾ, 8. ਵਡਹੰਸੁ, 9. ਸੋਰਠਿ, 10. ਧਨਾਸਰੀ, 11. ਜੈਤਸਰੀ, 12. ਟੋਡੀ, 13. ਬੈਰਾੜੀ, 14. ਤਿਲੰਗ, 15. ਸੂਹੀ, 16. ਬਿਲਾਵਲੁ, 17. ਗੋਂਡ, 18. ਰਾਮਕਲੀ, 19. ਨਟ ਨਾਰਾਇਨ, 20. ਮਾਲੀ ਗਉੜਾ, 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ, 25. ਬਸੰਤ, 26. ਸਾਰਗ, 27. ਮਲਾਰ, 28. ਕਾਨੜਾ, 29. ਕਲਿਆਨ, 30. ਪ੍ਰਭਾਤੀ ਅਤੇ 31.

ਜੈਜਾਵੰਤੀ। ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਅਨੁਸਾਰ ਗੁਰੂ ਗ੍ਰੰਥ ਸਾਹਿਬ (ਆਦਿ ਬੀੜ) ਦੀ ਸਾਰੀ ਬਾਣੀ ਦੀ ਲਿਖਾਈ ਭਾਈ ਗੁਰਦਾਸ ਜੀ ਨੇ ਲਗਭਗ ਡੇਢ ਕੁ ਸਾਲ ਵਿਚ ਕਰ ਲਈ ਸੀ।

ਭਾਈ ਗੁਰਦਾਸ ਜੀ ਨੇ ਸਾਰੀ ਬਾਣੀ ਦੀ ਲਿਖਾਈ ਭਾਦਰੋਂ ਵਦੀ 1, ਸੰਮਤ 1661 (ਸੰਨ 1604) ਨੂੰ ਖ਼ਤਮ ਕਰ ਲਈ ਸੀ। ਫਿਰ ਗੁਰਬਾਣੀ ਦਾ ਤਤਕਰਾ ਲਿਖਣਾ ਸ਼ੁਰੂ ਕੀਤਾ। ਇਹ ਗੱਲ ਭਾਈ ਸਾਹਿਬ ਨੇ ਤਤਕਰੇ ਦੇ ਆਰੰਭ ਵਿਚ ਇੰਝ ਲਿਖੀ ਹੈ : "ਸੂਚੀ-ਪਤ੍ਰ ਪੋਥੀ ਕਾ, ਤਤਕਰਾ ਰਾਗਾਂ ਕਾ, ਸੰਮਤ 1661 ਮਿਤੀ ਭਾਦਉ ਵਦੀ ਏਕਮ ੧, ਪੋਥੀ ਲਿਖਿ ਪਹੁੰਚੇ।" ਇਸ ਦਾ ਭਾਵ ਹੈ ਕਿ ਸਾਰੀ ਬੀੜ ਦੀ ਲਿਖਾਈ ਮੁਕਾ ਕੇ ਭਾਈ ਗੁਰਦਾਸ ਜੀ ਸੰਮਤ 1661 ਭਾਦਰੋਂ ਵਦੀ ਇੱਕ ਨੂੰ ਤਤਕਰੇ ਤੇ ਪਹੁੰਚੇ ਸਨ।

ਭਾਈ ਗੁਰਦਾਸ ਜੀ ਦੁਆਰਾ ਲਿਖੀ ਗਈ 'ਬੀੜ' ਦੇ 974 ਪੱਤਰੇ (ਵਰਕੇ) ਹਨ। ਤਤਕਰਾ ਲਿਖਣ ਵੇਲੇ ਹਰੇਕ ਸ਼ਬਦ ਦੀ ਪਹਿਲੀ ਤੁਕ ਲਿਖ ਕੇ ਉਸ ਦੇ ਸਾਹਮਣੇ ਪੱਤਰੇ ਦਾ ਨੰਬਰ ਦਰਜ ਕਰਨਾ ਸੀ। ਇਹ ਸਾਰਾ ਕੰਮ ਕਾਫ਼ੀ ਮਿਹਨਤ ਵਾਲਾ ਸੀ। ਫਿਰ 'ਬੀੜ' ਦੀ ਜਿਲਦ ਵੀ ਬੰਨ੍ਹਵਾਉਣੀ ਸੀ; ਜਿਸ ਨੂੰ ਸੁੱਕਣ ਵਿਚ ਕੁਝ ਦਿਨ ਲਗ ਜਾਣੇ ਸਨ। ਸੋ, ਇਹ ਸਾਰਾ ਕੰਮ ਪੰਦਰਾਂ ਕੁ ਦਿਨਾਂ ਵਿਚ, ਭਾਦਰੋਂ ਵਦੀ 15 ਤੋਂ ਪਹਿਲਾਂ ਪੂਰਾ ਹੋ ਗਿਆ। ਅਗਲੇ ਦਿਨ ਭਾਦਰੋਂ ਸੁਦੀ 1 (ਮੱਸਿਆ ਤੋਂ ਅਗਲਾ ਦਿਨ) ਸੰਮਤ 1661 (16 ਅਗੱਸਤ, ਸੰਨ 1604) ਨੂੰ ਆਦਿ ਬੀੜ ਨੂੰ ਰਾਮਸਰ ਤੋਂ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਲਿਆ ਕੇ ਪ੍ਰਕਾਸ਼ ਕਰ ਦਿਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਦੀ ਸੇਵਾ ਸੌਂਪੀ ਗਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਬੀੜ ਲਿਖਵਾਈ ਉਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ (ਹਰੇਕ ਰਾਗ ਵਿਚ ਥਾਂ ਸਿਰ) ਦਰਜ ਕਰ ਦਿਤੀ। (ਇਸ ਬੀੜ ਨੂੰ 'ਦਮਦਮੀ ਬੀੜ' ਕਿਹਾ ਜਾਂਦਾ ਹੈ।) ਆਪ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਨੰਦੇੜ ਮਹਾਰਾਸ਼ਟਰ ਦੇ ਅਸਥਾਨ ਤੇ 6 ਅਕਤੂਬਰ, ਸੰਨ 1708 ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ ਦਿਤੀ।